Hansti Duniya (Punjabi)
✶Vol. 47 ✶No. 01 ✶January 2023

₹15/-

# ਹੰਸਤੀ ਦੁਨੀਆ

ਨਵਾਂ ਸਾਲ
ਮੁਬਾਰਕ!



# ਹੱਸਦੀ ਦੁਨੀਆ


★ VOL - 47 ★

ਅੰਕ - 01 ★ ਜਨਵਰੀ 2023 ★ Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher Raj Kumari, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Satsang Bhawan, Sant Nirankari Colony, Delhi-110009



Editor (Honorary)

Sulekh Singh 'Sathi'

E-mail : editorial@nirankari.org

Ph. : 011-47660200

Fax : 011-27608215

Website : www.nirankari.org

kids.nirankari.org



## Subscription Value


| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

Other Countries

Equivalent to U.S. Dollars as mentioned above.










## ਸਤੰਭ


ਸਭ ਤੋਂ ਪਹਿਲਾਂ 04

ਵਿਗਿਆਨ ਪ੍ਰਸ਼ਨੋਤਰੀ 12

ਹਾਸਾ-ਖੇਡਾ 18

ਸਾਧਾਰਣ ਗਿਆਨ ਪ੍ਰਸ਼ਨੋਤਰੀ 21

ਕੀ ਤੁਸੀਂ ਜਾਣਦੇ ਹੋ? 29

ਰੰਗ ਭਰੋ ਪ੍ਰਤੀਯੋਗਿਤਾ 39

ਕਦੇ ਨਾ ਭੁੱਲੋ 44

ਬੁੱਧੀ ਦੀ ਪਰਖ 50


## ਚਿੱਤਰਕਥਾਵਾਂ


ਕਿੱਟੀ 22

ਚਿਤੱਰਕਥਾ 46

## ਕਹਾਣੀਆਂ


06. ਲੋਹੜੀ ਦਾ ਪਵਿੱਤਰ ਤਿਉਹਾਰ
– ਜਗਤਾਰ ਚਮਨ

08. ਮਿਹਨਤ ਦਾ ਸੁੱਖ
– ਪ੍ਰਿਤਪਾਲ ਸਾਦਿਕ

14. ਮੰਤਰੀ ਦੀ ਚੋਣ
– ਅਨੀਤਾ ਕਪੂਰ

32. ਤਿੰਨ ਗੱਲਾਂ
– ਰਾਜੇਸ਼ ਚੌਧਰੀ

37. ਕਬਜ਼ਾ ਬਾਂਦਰਾਂ ਦਾ
– ਅਮਨਪ੍ਰੀਤ ਸਿੰਘ

43. ਸੱਚੀ ਸੇਵਾ
– ਮਹਿੰਦਰ ਸਿੰਘ ਸ਼ੇਖਾਵਤ




















## ਗੀਤ-ਕਵਿਤਾਵਾਂ


05. ਤਿਰੰਗਾ
– ਜੇ. ਐਸ. ਨਿਰੰਕਾਰੀ

11. ਪੁਸਤਕ
– ਰਾਜਿੰਦਰ

13. ਨਵਾਂ ਸਾਲ ਮੁਬਾਰਕ
– ਦਰਸ਼ਨ ਸਿੰਘ ਕੰਡਾ

28. ਧਰਤੀ ਤੇ ਰੁੱਖ ਲਾਉਂਦੇ ਜਾਉ
– ਜਸਵਿੰਦਰ ਸ਼ਾਇਰ

42. ਮਹਾਨ ਕੌਣ?
– ਅੰਮ੍ਰਿਤ 'ਹਰਮਨ'


## ਵਿਸ਼ੇਸ਼ ਲੇਖ


16. ਕੀ ਹੈ ਐਕਸ-ਰੇ?
– ਡਾ. ਵਿਨੋਦ ਗੁਪਤਾ

20. ਗਣਤੰਤਰ ਦਿਵਸ ਸਮਾਰੋਹ
– ਪਰਵੀਨ ਨਿਰੰਕਾਰੀ

26. ਕਦੇ ਵੇਖਿਆ ਹੈ ਅਜਿਹਾ ਰੁੱਖ!
– ਮਿਤਾਲੀ ਜੈਨ

30. ਸਮੁੰਦਰੀ ਘੋੜਾ
– ਪਰਸ਼ੂਰਾਮ ਸ਼ੁਕਲ

31. ਡੱਡੂ ਤਰ੍ਹਾਂ-ਤਰ੍ਹਾਂ ਦੇ
– ਵਿਭਾ ਵਰਮਾ

34. ਤਿਰੰਗਾ ਭਾਰਤ ਦੀ ਸ਼ਾਨ
– ਕਮਲ ਜੈਨ

36. ਗਾਂਧੀ ਜੀ ਦੀਆਂ ਸਾਰਥਕ ਗੱਲਾਂ
– ਨੀਲਮ

41. ਗਰੁੜ
– ਅਮਰਜੀਤ

45. ਵਿਟਾਮਿਨ 'ਸੀ'
– ਚੰਦ੍ਰਪ੍ਰਭਾ

*ਸਭ ਤੋਂ ਪਹਿਲਾਂ*



# ਨਵੀਂ ਉਮੰਗ, ਨਵੀਂ ਤਰੰਗ

ਕਲਾਸ ਰੂਮ ਦੇ ਇੱਕ ਪਾਸੇ ਖਲੋਤੇ ਸੋਨੂੰ ਅਤੇ ਸੰਗੀਤਾ ਆਪਸ ਵਿੱਚ ਗੱਲਬਾਤ ਕਰ ਰਹੇ ਸਨ। ਸੋਨੂੰ ਨੇ ਕਿਹਾ- ਸੰਗੀਤਾ, ਅੱਜ ਤੂੰ ਬੜੀ ਸੱਜ-ਧੱਜ ਕੇ, ਨਵੇਂ ਕਪੜੇ ਪਾ ਕੇ ਆਈ ਹੈਂ, ਕੋਈ ਖਾਸ ਗੱਲ ਹੈ ਕੀ ਅੱਜ ! ਸੰਗੀਤਾ ਨੇ ਚਹਿਕਦੇ ਹੋਏ ਕਿਹਾ- ਅੱਜ ਨਵਾਂ ਸਾਲ ਹੈ ਨਾ।! ਸਾਰਿਆਂ ਨੂੰ 'ਹੈਪੀ ਨਿਊ ਈਅਰ' ਜੋ ਕਹਿਣਾ ਹੈ, ਸੋਨੂੰ ਤੈਨੂੰ ਵੀ ਨਵੇਂ ਸਾਲ ਦੀਆਂ ਮੁਬਾਰਕਾਂ। ਸੋਨੂੰ ਬੋਲਿਆ- ਹਾਂ, ਤੈਨੂੰ ਵੀ 'ਹੈਪੀ ਨਿਊ ਈਅਰ' ਅੱਜ ਤਾਂ ਬਣਦਾ ਹੀ ਹੈ ਚੰਗੀ ਤਰ੍ਹਾਂ ਤਿਆਰ ਹੋਣਾ ਅਤੇ ਨਵੇਂ ਕਪੜੇ ਪਹਿਨਣਾ ਪਰ ਇੱਕ ਗੱਲ ਦੱਸ, ਕਲ ਵੀ ਤਾਂ ਤੂੰ ਨਵੇਂ ਕਪੜੇ ਪਾ ਕੇ ਅਤੇ ਤਿਆਰ ਹੋ ਕੇ ਆਈ ਸੀ। ਹਾਂ ਸੋਨੂੰ, ਕਲ ਪਿਛਲੇ ਸਾਲ ਦਾ ਆਖਰੀ ਦਿਨ ਸੀ ਨਾ। ਉਸ ਸਾਲ ਨੂੰ ਵਿਦਾਈ ਵੀ ਤਾਂ ਦੇਣੀ ਸੀ। ਪੁਰਾਣੇ ਸਾਲ ਨੂੰ ਖੁਸ਼ੀ-ਖੁਸ਼ੀ ਵਿਦਾਈ ਦੇਣ ਲਈ ਉਸਨੂੰ ਟਾ-ਟਾ, ਬਾਈ-ਬਾਈ ਕਰਨ ਲਈ ਵੀ ਤਾਂ ਖੁਸ਼ੀ ਦਾ ਇਜ਼ਹਾਰ ਜ਼ਰੂਰੀ ਸੀ। ਉਸ ਸਾਲ ਨੇ ਵੀ ਤਾਂ ਸਾਨੂੰ ਅਨੇਕਾਂ ਖੁਸ਼ੀਆਂ ਦਿੱਤੀਆਂ ਹਨ। ਉਸ ਸਾਲ ਵੀ ਅਨੇਕਾਂ ਰੂਪਾਂ ਵਿੱਚ, ਅਨੇਕਾਂ ਤਿਉਹਾਰਾਂ ਦੇ ਰੂਪ ਵਿੱਚ ਅਸੀਂ ਅਨੰਦ ਲਿਆ ਸੀ। ਉਨ੍ਹਾਂ ਸੈਲੀਬਰੇਸ਼ਨਜ਼ ਲਈ ਸਾਨੂੰ ਪੁਰਾਣੇ ਸਾਲ ਦਾ ਸ਼ੁਕਰਾਨਾ ਵੀ ਤਾਂ ਕਰਨਾ ਚਾਹੀਦਾ ਹੈ।

ਸੰਗੀਤਾ ਦੀ ਗੱਲ ਸੁਣ ਕੇ ਸੋਨੂੰ ਵੀ ਹਾਂ ਵਿੱਚ ਸਿਰ ਹਿਲਾ ਰਿਹਾ ਸੀ। ਉਨ੍ਹਾਂ ਦੋਹਾਂ ਦੀ ਇਹ ਗੱਲ ਸਵਿਤਾ ਵੀ ਸੁਣ ਰਹੀ ਸੀ। ਸੰਗੀਤਾ ਦੀ ਬੁੱਧੀਮਤਾ ਪੂਰਣ ਗੱਲ ਉਸਨੂੰ ਵੀ ਬਹੁਤ ਚੰਗੀ ਲਗ ਰਹੀ ਸੀ। ਉਸਨੇ ਵੀ ਗੱਲਬਾਤ ਵਿੱਚ ਸ਼ਾਮਿਲ ਹੁੰਦਿਆਂ ਕਿਹਾ- ਹਾਂ ਸੋਨੂੰ, ਸੰਗੀਤਾ ਠੀਕ ਕਹਿ ਰਹੀ ਹੈ। ਸਾਨੂੰ ਜਿਥੇ ਹਰ ਨਵੀਂ ਚੀਜ਼ ਦਾ ਸਵਾਗਤ ਕਰਨਾ ਚਾਹੀਦਾ ਹੈ, ਖੁਸ਼ੀ-ਖੁਸ਼ੀ ਉਸਨੂੰ ਸਵੀਕਾਰ ਕਰਨਾ ਚਾਹੀਦਾ ਹੈ, ਉਥੇ ਪੁਰਾਣੀਆਂ ਚੀਜ਼ਾਂ ਦੀ ਵੀ ਕਦਰ ਕਰਨੀ ਚਾਹੀਦੀ ਹੈ। ਉਨ੍ਹਾਂ ਚੀਜ਼ਾਂ ਰਾਹੀਂ ਕੀਤੀਆਂ ਪ੍ਰਾਪਤੀਆਂ ਲਈ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ। ਨਵਾਂ ਸਾਲ ਸਾਡੇ ਲਈ ਨਵੀਆਂ ਉਮੰਗਾਂ ਅਤੇ ਨਵੀਆਂ ਤਰੰਗਾਂ ਲੈ ਕੇ ਆ ਰਿਹਾ ਹੈ। ਅਸੀਂ ਖੁਲ੍ਹੇ ਦਿਲ ਨਾਲ ਇਸ ਦਾ ਸਵਾਗਤ ਕਰਨਾ ਹੈ। ਨਵੇਂ ਸਾਲ ਵਿੱਚ ਨਵੀਆਂ ਸਫਲਤਾਵਾਂ ਹਾਸਿਲ ਕਰਨ ਅਤੇ ਨਵੀਆਂ ਉਚਾਈਆਂ ਹਾਸਿਲ ਲਈ ਨਵੀਂ ਊਰਜਾ ਅਤੇ ਨਵੇਂ ਉਤਸ਼ਾਹ ਨਾਲ ਅੱਗੇ ਵੱਧਣਾ ਚਾਹੀਦਾ ਹੈ ਅਤੇ ਇਸ ਸੱਭ ਲਈ ਸਾਨੂੰ ਪਿਛਲੇ ਸਾਲ ਦੀਆਂ ਘਟਨਾਵਾਂ ਜਾਂ ਰਹਿ ਗਈਆਂ ਕਮੀਆਂ ਵੱਲ ਵੀ ਧਿਆਨ ਦੇਣਾ ਜ਼ਰੂਰੀ ਹੈ। ਜੇਕਰ ਅਸੀਂ ਇੰਞ ਕਰਾਂਗੇ ਤਾਂ ਜ਼ਰੂਰ ਉਸ ਤੋਂ ਕੁਝ ਨਾ ਕੁਝ ਸਿੱਖਿਆ ਹਾਸਿਲ ਕਰਾਂਗੇ ਜੋ ਸਾਨੂੰ ਨਵੇਂ ਸਾਲ ਵਿੱਚ ਹੋਰ ਵਧੇਰੇ ਰਫ਼ਤਾਰ ਨਾਲ ਅੱਗੇ ਵੱਧਣ ਵਿੱਚ ਮਦਦਗਾਰ ਸਾਬਿਤ ਹੋਵੇਗੀ।

ਪਿਆਰੇ ਬੱਚਿਓ ! ਸਮਾਂ ਤਾਂ ਆਪਣੀ ਰਫ਼ਤਾਰ ਨਾਲ ਹੀ ਚਲ ਰਿਹਾ ਹੈ। ਮਿਥੇ ਸਮੇਂ ਮੁਤਾਬਿਕ ਸਾਲ ਦੀ ਸਮਾਪਤੀ ਹੋਣੀ ਹੁੰਦੀ ਹੈ ਅਤੇ ਨਵੇਂ ਸਾਲ ਦਾ ਆਗਾਜ਼। ਪਰ ਦੋਵੇਂ ਹੀ ਹਾਲਤਾਂ ਵਿੱਚ ਸਾਨੂੰ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ ਅਤੇ ਉਸ ਸਮੇਂ ਨੂੰ ਸੁੰਦਰ ਅਤੇ ਉਸਾਰੂ ਰੂਪ ਵਿੱਚ ਬਿਤਾਉਣ ਦਾ ਜਤਨ ਕਰਨਾ ਚਾਹੀਦਾ ਹੈ ਜਿਸ ਉਮੰਗ ਅਤੇ ਤਰੰਗ ਨਾਲ ਅਸੀਂ ਨਵੇਂ ਸਾਲ ਦਾ ਸਵਾਗਤ ਕਰਨਾ ਹੈ, ਉਸ ਭਾਵਨਾ ਨਾਲ ਪੁਰਾਣੇ ਸਾਲ ਨੂੰ ਵਿਦਾ ਕਰਨਾ ਹੈ, ਤਾਂ ਹੀ ਸੱਚਮੁਚ ਅਸੀਂ ਕਹਿ ਸਕਦੇ ਹਾਂ- ''ਹੈਪੀ ਨਿਊ ਈਅਰ''।

✍ ***ਸੁਲੇਖ 'ਸਾਥੀ'***
sulekh.sathi@nirankari.org

ਬਾਲ ਗੀਤ – ਜੇ. ਐਸ. ਨਿਰੰਕਾਰੀ

# ਤਿਰੰਗਾ

ਭਾਰਤ ਦੀ ਹੈ ਸ਼ਾਨ ਤਿਰੰਗਾ,
ਸਾਡੇ ਲਈ ਹੈ ਮਾਣ ਤਿਰੰਗਾ।


ਹੋ ਗਏ ਦੇਸ਼ ਤੋਂ ਜੋ ਕੁਰਬਾਨ,
ਅਣਖੀ ਗਭਰੂ ਵੀਰ ਜਵਾਨ,
ਸ਼ਹੀਦਾਂ ਦੀ ਹੈ ਜਾਨ ਤਿਰੰਗਾ,
ਭਾਰਤ ...

ਹੈ ਕਰਨੀ ਕਦਰ ਤਿਰੰਗੇ ਦੀ,
ਆਪਣੇ ਝੰਡੇ ਤਿੰਨ-ਰੰਗੇ ਦੀ,
ਦੇਸ਼ ਦੀ ਹੈ ਪਹਿਚਾਨ ਤਿਰੰਗਾ,
ਭਾਰਤ ...

ਦੇਸ਼ ਭਗਤੀ ਦੇ ਲਈ ਜਾਗੋ,
ਕਸਮਾਂ ਖਾਉ ਨਸ਼ੇ ਤਿਆਗੋ,
ਕਰ ਰਿਹਾ ਹੈ ਐਲਾਨ ਤਿਰੰਗਾ,
ਭਾਰਤ ...

ਆਜਾਦੀ ਦਾ ਤਿਉਹਾਰ ਮਨਾਵੋ,
ਤਿਰੰਗੇ ਨੂੰ ਘਰ-ਘਰ ਲਹਿਰਾਵੋ,
ਸਾਡੀ ਹੈ ਮੁਸਕਾਨ ਤਿੰਰਗਾ,
ਭਾਰਤ ...





ਲੇਖ - ਜਗਤਾਰ ਚਮਨ

# ਲੋਹੜੀ ਦਾ ਪਵਿੱਤਰ ਤਿਉਹਾਰ

ਛੋਟੀਆਂ-ਛੋਟੀਆਂ ਖੁਸ਼ੀਆਂ ਦਾ ਸੰਗ੍ਰਹਿ ਹੀ ਜ਼ਿੰਦਗੀ ਹੈ। ਖੁਸ਼ੀਆਂ ਦਾ ਪੂਰਾ ਅੰਬਰ ਕਿਸੇ ਕੋਲ ਨਹੀਂ ਹੈ ਕਿ ਮਨੁੱਖ ਜਦੋਂ ਮਰਜ਼ੀ ਚਾਹੇ ਖੁਸ਼ੀ ਦਾ ਤਾਰਾ ਤੋੜ ਕੇ ਜ਼ਿੰਦਗੀ ਨੂੰ ਸ਼ਿਗਾਰ ਲਵੇ। ਮਨੁੱਖ ਦੀ ਜ਼ਿੰਦਗੀ ਵਿਚ ਖੂਬਸੂਰਤੀਆਂ, ਜੀਣ ਦੀ ਵੰਨਗੀ ਉਮੰਗ, ਇਕ ਲਲਕ, ਇਕ ਇੱਛਾ ਪੈਦਾ ਕਰਦੇ ਹਨ ਮੇਲੇ ਅੰਤੇ ਤਿਉਹਾਰ।

ਲੋਹੜੀ ਸ਼ਬਦ ਲੋਹੀ ਤੋਂ ਬਣਿਆ ਹੈ ਜਿਸ ਦਾ ਮਤਲਬ ਹੈ ਮੀਂਹ ਪੈਣਾ, ਫਸਲਾਂ ਦਾ ਫੁੱਟਣਾ। ਇਕ ਕਹਾਵਤ ਹੈ ''ਜੇ ਮੀਂਹ ਨਾ ਪਵੇ ਲੋਹੜੀ ਤਾਂ ਹਾੜੀ ਲੱਗੂ ਕੋਹੜੀ'' ਭਾਵ ਕਿ ਜਦੋਂ ਲੋਹੜੀ ਦੇ ਮੌਕੇ ਤੇ ਮੀਂਹ ਨਾ ਪਵੇ ਤਾਂ ਖੇਤੀ ਦਾ ਨੁਕਸਾਨ ਹੁੰਦਾ ਹੈ।

ਪਰੰਪਰਾ ਦੇ ਗੁਲਸ਼ਨ ਚੋਂ ਹੀ ਜਨਮ ਲੈਂਦਾ ਹੈ ਲੋਹੜੀ ਦਾ ਪਵਿੱਤਰ ਤਿਉਹਾਰ। ਇਹ ਤਿਉਹਾਰ ਮੌਸਮ ਦੀ ਤਬਦੀਲੀ, ਫਸਲਾਂ ਦੇ ਪੁੰਗਰਨ ਅਤੇ ਕਈ ਇਤਿਹਾਸਕ ਤੇ ਮਿਥਿਹਾਸਕ ਦੰਤ ਕਥਾਵਾਂ ਨਾਲ ਜੁੜਿਆ ਹੋਇਆ ਹੈ।

ਲੋਹੜੀ ਸਭ ਮਜ਼ਹਬਾਂ, ਧਰਮਾਂ ਲਈ ਏਕਤਾ ਦਾ ਪ੍ਰਤੀਕ, ਪਿਆਰ, ਮੁਹੱਬਤ, ਸਾਂਝੀਵਾਲਤਾ, ਮਿਲਵਰਤਨ, ਸਦਭਾਵਨਾ, ਰਿਸ਼ਤਿਆਂ ਦੀ ਮਿਠਾਸ ਵਾਲਾ ਤੇ ਸੱਭਿਆਚਾਰ ਦਾ ਇਕ ਸੁੰਦਰ ਉਪਹਾਰ ਹੈ। ਲੋਹੜੀ ਮਾਘ ਮਹੀਨੇ ਦੀ ਸੰਗਰਾਂਦ ਵਾਲੀ ਪਹਿਲੀ ਰਾਤ ਨੂੰ ਮਨਾਈ ਜਾਂਦੀ ਹੈ। ਕਿਸਾਨ ਹਾੜੀ ਦੀਆਂ ਫਸਲਾਂ ਬੀਜ ਕੇ ਵਿਹਲਾ ਹੋ ਚੁਕਿਆ ਹੁੰਦਾ ਹੈ ਤੇ ਇਸ ਤਿਉਹਾਰ ਨੂੰ ਚਾਵਾਂ, ਸਧਰਾਂ ਨਾਲ ਮਨਾਉਂਦਾ ਹੈ। ਜਿਸ ਘਰ ਵਿਚ ਲੜਕਾ ਜੰਮਿਆ ਹੋਵੇ ਉਸ ਦੀ ਸ਼ਗਨਾ ਨਾਲ, ਖੁਸ਼ੀਆਂ ਨਾਲ ਲੋਹੜੀ ਪਾਈ ਜਾਂਦੀ ਹੈ। ਬੈਂਡ ਵਾਜੇ ਵਜਾਏ ਜਾਂਦੇ ਹਨ। ਬਾਜ਼ੀਗਰਨਾ, ਗਲੋਲਨੀਆਂ ਅਤੇ ਭੰਡ ਰਿਸ਼ਤਿਆਂ ਨਾਤਿਆਂ ਦੇ ਗੀਤ ਅਤੇ ਟੱਪੇ ਸੁਣਾ ਕੇ ਹਾਸ ਵਿਅੰਗ ਅਤੇ ਮਖੌਲ ਦੇ ਗੀਤ ਸੁਣਾ ਕੇ ਆਪਣੀ ਬਣਦੀ ਲੋਹੜੀ ਬਟੋਰ ਕੇ ਲੈ ਜਾਂਦੇ ਹਨ। ਇਸ ਦਿਨ ਹਰ ਘਰ ਵਿਚ ਮੂੰਗਫਲੀ, ਰਿਉੜੀਆਂ, ਚਿੜਵੜੇ, ਗਚਕ, ਭੁੱਗਾ, ਤਿੱਲਚੌਲੀ, ਮੱਕੀ ਦੇ ਫੁੱਲੇ ਅਤੇ ਭੁੱਜੇ ਦਾਣੇ, ਗੁੜ, ਫਲ ਆਦਿ ਲੋਹੜੀ ਵੰਡਣ ਲਈ ਰੱਖੇ ਜਾਂਦੇ ਹਨ। ਗੰਨੇ ਦੇ ਰਸ ਦੀ ਖੀਰ ਬਣਾਈ ਜਾਂਦੀ ਹੈ।

ਅੱਜ-ਕੱਲ ਕੁੜੀਆਂ ਦੇ ਜੰਮਣ ਦੀ ਖੁਸ਼ੀ ਵੀ ਪ੍ਰੇਮ ਅਤੇ ਸਧਰਾਂ, ਚਾਵਾਂ ਨਾਲ ਮਨਾਈ ਜਾਂਦੀ ਹੈ। ਜਿਸ ਲੜਕੀ ਦੀ ਲੋਹੜੀ ਪਾਈ ਜਾਵੇ, ਰਿਸ਼ਤੇਦਾਰ ਉਸ ਨੂੰ ਗਹਿਣੇ ਅਤੇ ਖਾਸ ਕਰ ਕੇ ਪੈਰਾਂ ਦੀਆਂ ਝਾਂਜਰਾਂ ਦੇਣਾ ਸ਼ੁਭ ਸ਼ਗੁਨ ਮੰਨਦੇ ਹਨ। ਇਸ ਦਿਨ ਘਰਾਂ ਦੇ ਵਿਹੜਿਆਂ ਵਿਚ, ਮੁਹੱਲਿਆ, ਬਜ਼ਾਰਾਂ ਆਦਿ ਵਿਚ ਲੰਬੀਆਂ ਲੱਕੜਾਂ ਦਾ ਢੇਰ ਬਣਾ ਕੇ ਜਾਂ ਗੋਹੇ ਦੀਆਂ ਪਾਥੀਆਂ ਦਾ ਢੇਰ ਬਣਾ ਕੇ ਉਸ ਦੀ ਅੱਗ ਦੇ ਸੇਕ ਦਾ ਲੁਤਫ ਲਿਆ ਜਾਂਦਾ ਹੈ। ਚਾਰ ਚੁਫੇਰੇ ਪਸਰੀ ਠੰਡ ਅਤੇ ਰੂੰ ਵਾਂਗ ਫੈਲੀ ਧੁੰਦ ਵਿਚ ਸੇਕ ਦਾ ਆਪਣਾ ਹੀ ਇਕ ਆਨੰਦ ਹੁੰਦਾ ਹੈ। ਲੋਕ ਇਸ ਅੱਗ ਵਿਚ ਤਿੱਲ ਆਦਿ ਸੁਟਦੇ ਹਨ। ਦੇਰ ਰਾਤ ਤਕ ਢੋਲਕੀ ਦੀ ਆਵਾਜ਼, ਢੋਲ ਦੇ ਤਾਲ, ਗਿੱਧੇ ਦੀ ਧਮਕ ਅਤੇ ਗੀਤਾਂ ਦੀ ਲੈਅ ਸੁਣਾਈ ਦਿੰਦੀ ਰਹਿੰਦੀ ਹੈ। ਰਿਸ਼ਤਿਆਂ ਦੀ ਖੁਸ਼ਬੂ, ਮੋਹ-ਮਮਤਾ ਅਤੇ ਪਿਆਰ ਦਾ ਨਜ਼ਾਰਾ ਅਤੇ ਇਕ ਸੰਪੂਰਨ ਖੁਸ਼ੀ ਦਾ ਆਲਮ ਹਰ ਪਾਸੇ ਪਸਰਿਆ ਨਜ਼ਰ ਆਉਂਦਾ ਹੈ।

ਲੋਹੜੀ ਦੇ ਤਿਉਹਾਰ ਨਾਲ ਕਈ ਕਥਾਵਾਂ ਪ੍ਰਚਲਿਤ ਹਨ। ਦੱਸਿਆ ਜਾਂਦਾ ਹੈ ਕਿ ਦੁੱਲਾ ਭੱਟੀ ਇਕ ਡਾਕੂ ਹੋਇਆ ਹੈ। ਉਹ ਜ਼ਾਲਮਾਂ, ਬੇਈਮਾਨਾਂ ਅਤੇ ਧੋਖੇਬਾਜ਼ ਲੋਕਾਂ ਨੂੰ ਹੀ ਲੁੱਟਦਾ ਸੀ। ਦੀਨ-ਦੁਖੀਆਂ, ਬੇਸਹਾਰਿਆਂ, ਲੋੜਵੰਦਾਂ ਅਤੇ ਗਰੀਬਾਂ ਦੀ ਖੁੱਲ੍ਹ ਕੇ ਮਦਦ ਕਰਦਾ ਸੀ। ਇਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਸੁੰਦਰੀ ਅਤੇ ਮੁੰਦਰੀ ਸਨ। ਉਹ ਉਹਨਾਂ ਦਾ ਵਿਆਹ ਨਹੀਂ ਸੀ ਕਰ ਸਕਦਾ। ਦੁੱਲੇ ਭੱਟੀ ਨੇ ਉਹਨਾਂ ਗਰੀਬ ਲੜਕੀਆਂ ਦੀ ਸ਼ਾਦੀ ਕਰਵਾਈ ਅਤੇ ਮੌਕੇ ਤੇ ਉਸ ਕੋਲ ਜੋ ਬਣਦਾ-ਸਰਦਾ ਸੀ ਉਹਨਾਂ ਲੜਕੀਆਂ ਦੀ ਝੋਲੀ ਵਿਚ ਪਾਇਆ। ਸੁੰਦਰੀ ਤੇ ਮੁੰਦਰੀ ਦੀ ਸ਼ਾਦੀ ਰਾਤ ਦੇ ਸਮੇਂ ਲੱਕੜਾਂ ਦੀ ਅੱਗ ਬਾਲ ਕੇ ਉਹਨਾਂ ਦੇ ਆਲੇ-ਦੁਆਲੇ ਫੇਰੇ ਕਰਵਾਏ ਤੇ ਇਕ ਬਾਪ ਦੇ ਫਰਜ਼ ਨਿਭਾਉਂਦੇ ਹੋਏ ਦੁੱਲਾ ਭੱਟੀ ਨੇ ਉਹਨਾਂ ਦੋਹਾਂ ਦੀ ਝੋਲੀ ਵਿਚ ਸ਼ੱਕਰ ਪਾਈ। ਇਸ ਸੰਬੰਧ ਵਿਚ ਅੱਜ ਵੀ ਇਕ ਗੀਤ ਪ੍ਰਚਲਿਤ ਹੈ।

ਸੁੰਦਰ ਮੁੰਦਰੀਏ, ਹੋ
ਤੇਰਾ ਕੌਣ ਵਿਚਾਰਾ, ਹੋ
ਦੁੱਲਾ ਭੱਟੀ ਵਾਲਾ, ਹੋ
ਦੁੱਲੇ ਨੇ ਧੀ ਵਿਆਹੀ, ਹੋ
ਸ਼ੇਰ ਸ਼ੱਕਰ ਪਾਈ, ਹੋ
ਕੁੜੀ ਦੇ ਬੋਝੇ ਪਾਈ, ਹੋ

ਕੁੜੀਆਂ-ਮੁੰਡੇ ਵੀ ਇਸ ਦਿਨ ਲੋਹੜੀ ਮੰਗਦੇ ਹਨ। ਟੋਲੀਆਂ ਬਣਾ ਕੇ ਲੋਹੜੀ ਮੰਗਣ ਦਾ ਆਪਣਾ ਹੀ ਇਕ ਮਜ਼ਾ ਹੈ।

ਲੋਹੜੀ ਦਾ ਤਿਉਹਾਰ ਭਾਰਤ ਵਿਚ ਹੀ ਨਹੀਂ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਵੀ ਧੂੰਮ-ਧਾਮ ਤੇ ਸ਼ਰਧਾ ਨਾਲ ਮਨਾਉਂਦੇ ਹਨ। ਸ਼ਾਲਾ! ਲੋਹੜੀ ਭਾਰਤ ਨੂੰ ਖੁਸ਼ੀਆਂ, ਸ਼ਾਂਤੀ, ਤਰੱਕੀ, ਭਾਈਚਾਰਾ, ਸਦਭਾਵਨਾ ਅਤੇ ਵੱਖ-ਵੱਖ ਧਰਮਾਂ ਦੇ ਖਿੜਦੇ ਤਾਰਿਆਂ ਨੂੰ ਇਕ ਮਾਨਵਤਾ ਰੂਪੀ ਅੰਬਰ ਦੇ ਧਾਗੇ ਵਿਚ ਪਰੋ ਕੇ ਰੱਖੇ ਜਿਸ ਨਾਲ ਸਾਂਝੀਵਾਲਤਾ ਦੇ ਰਿਸ਼ਤੇ ਦੀ ਖੁਸ਼ਬੂ ਹਮੇਸ਼ਾ ਆਉਂਦੀ ਰਹੇ। ■

ਕਹਾਣੀ : ਪ੍ਰਿਤਪਾਲ ਸਾਦਿਕ

# ਮਿਹਨਤ ਦਾ ਸੁੱਖ



ਇਕ ਸੀ ਰਾਜਾ। ਰਾਜਿਆਂ ਨੂੰ ਤਰ੍ਹਾਂ-ਤਰ੍ਹਾਂ ਦੇ ਸ਼ੌਕ ਹੁੰਦੇ ਹਨ। ਉਸ ਰਾਜਾ ਨੂੰ ਸਿਰਫ ਇੱਕ ਹੀ ਸ਼ੌਕ ਸੀ ਖਾਣ ਦਾ। ਤਰ੍ਹਾਂ-ਤਰ੍ਹਾਂ ਦਾ ਖਾਣਾ ਖਾਣ ਦਾ। ਉਸ ਦੀ ਰਸੋਈ ਵਿੱਚ ਖਾਣਾ ਬਣਾਉਣ ਵਾਲਿਆਂ ਦੀ ਇੱਕ ਫੌਜ ਹੋਇਆ ਕਰਦੀ ਸੀ। ਰੋਜ਼ ਨਵੇ-ਨਵੇਂ ਪਕਵਾਨ ਅਤੇ ਇੱਕ ਤੋਂ ਇੱਕ ਸਵਾਦੀ ਖਾਣੇ ਬਣਾਏ ਜਾਂਦੇ ਸਨ।

ਰਾਜੇ ਦਾ ਖਾਣ ਵਾਲਾ ਕਮਰਾ ਵੀ ਅਨੋਖਾ ਸੀ। ਉਸ ਵਿੱਚ ਖਾਣੇ ਦੀ ਮੇਜ਼ ਐਨੀ ਵੱਡੀ ਸੀ ਕਿ ਅੱਠ-ਦੱਸ ਆਦਮੀ ਉਸ ਤੇ ਪੈਰ ਫੈਲਾ ਕੇ ਸੌ ਸਕਦੇ ਸਨ। ਭੋਜਨ ਦੇ ਸਮੇਂ ਤਰ੍ਹਾਂ-ਤਰ੍ਹਾਂ ਦੇ ਰੰਗ-ਬਿਰੰਗੇ, ਮਹਿਕਦੇ ਹੋਏ, ਖੱਟੇ-ਮਿੱਠੇ, ਨਮਕੀਨ ਪਦਾਰਥਾਂ ਨਾਲ ਉਹ ਮੇਜ਼ ਭਰੀ ਰਹਿੰਦੀ ਸੀ।

ਰਾਜਾ ਖਾਣਾ ਖਾਣ ਆਉਂਦਾ ਤਾਂ ਸ਼ਾਹੀ ਬੈਂਡ ਵੱਜਣ ਲੱਗਦਾ। ਸੇਵਕ ਅਗੇ ਗੁਲਾਬ ਅਤੇ ਕੇਵੜਾ ਛਿੜਕਾਉਂਦੇ। ਉਹ ਖਾਣ ਦੀ ਮੇਜ਼ ਤਕ ਆਉਂਦਾ ਤਾਂ ਅਨੇਕਾਂ ਪਰੋਸਣ ਵਾਲੇ ਹੱਥ ਜੋੜ ਕੇ ਖੜੇ ਹੋ ਜਾਂਦੇ। ਇੱਕ-ਇੱਕ ਕਰਕੇ ਭੋਜਨ ਪਦਾਰਥ ਉਸ ਦੇ ਸਾਹਮਣੇ ਪੇਸ਼ ਕੀਤੇ ਜਾਂਦੇ। ਉਹ ਰੁਚੀ ਅਤੇ ਅਰੁਚੀ ਨਾਲ ਵੇਖਦਾ ਅਤੇ ਸੁੰਘਦਾ। ਕਿਸੇ-ਕਿਸੇ ਨੂੰ ਚੱਖ ਲੈਂਦਾ ਤਾਂ ਉਸਨੂੰ ਪੇਸ਼ ਕਰਨ ਵਾਲਾ ਜਿਵੇਂ ਨਿਹਾਲ ਹੋ ਜਾਂਦਾ।

ਇੱਕ ਵਾਰ ਅਚਾਨਕ ਕੀ ਹੋਇਆ ਕਿ ਰਾਜੇ ਦੀ ਭੁੱਖ ਗਾਇਬ ਹੋ ਗਈ। ਉਸ ਨੇ ਚੱਖਣਾ ਵੀ ਬੰਦ ਕਰ ਦਿੱਤਾ। ਵਧੀਆ ਤੋਂ ਵਧੀਆਂ ਚੀਜ਼ਾਂ ਵੀ ਸੁੰਘ ਕੇ ਹੀ ਰਹਿ ਜਾਂਦਾ। ਹੌਲੀ-ਹੌਲੀ ਸੁੰਘਣਾ ਵੀ ਜਾਂਦਾ ਰਿਹਾ। ਬਸ, ਖਾਣੇ ਦੀ ਮੇਜ਼ ਤੇ ਸੱਜੀਆਂ ਸੈਂਕੜੇ ਚੀਜ਼ਾਂ ਨੂੰ ਵੇਖ ਕੇ ਹੀ ਉਸ ਦਾ ਢਿੱਡ ਭਰ ਜਾਂਦਾ। ਇਸ ਦਾ ਨਤੀਜਾ ਇਹ ਹੋਇਆ ਕਿ ਹੱਟਾ-ਕੱਟਾ ਰਾਜਾ ਸੁੱਕ ਕੇ ਹੱਡੀਆਂ ਦੀ ਮੁੱਠ ਰਹਿ ਗਿਆ ਅਤੇ ਬੇਹੱਦ ਚਿੜਚਿੜਾ ਹੋ ਗਿਆ।

ਉਸ ਦੇ ਮੰਤਰੀਆਂ ਨੂੰ ਬੜੀ ਚਿੰਤਾ ਹੋਈ। ਰਾਜ-ਕਾਜ ਠੀਕ ਤਰ੍ਹਾਂ ਨਹੀਂ ਚਲ ਰਿਹਾ ਸੀ ਕਿਉਂਕਿ ਰਾਜਾ ਬੀਮਾਰ ਜਿਹਾ ਹੋ ਗਿਆ ਸੀ। ਉਹਨਾਂ ਨੇ ਅਨੇਕ ਮਾਹਿਰ ਵੈਦਾਂ ਨੂੰ ਬੁਲਾਇਆ। ਉਹ ਇਲਾਜ ਕਰਨ ਲੱਗੇ ਪਰ ਫਾਇਦਾ ਕਿਵੇਂ ਹੁੰਦਾ? ਦਵਾਈਆਂ ਤਾਂ ਰਾਜੇ ਦੇ ਗਲੇ ਤੋਂ ਹੇਠਾਂ ਉਤਰਦੀਆਂ ਹੀ ਨਹੀਂ ਸਨ। ਰਾਜਾ ਦਿਨ ਰਾਤ ਇੱਕ ਹੀ ਗੱਲ ਕਹਿੰਦਾ, ਮੈਨੂੰ ਕੋਈ ਸਵਾਦੀ ਚੀਜ਼ ਖਲਾਉ ਤਦੇ ਮੈਂ ਠੀਕ ਹੋਵਾਂਗਾ। ਇੱਕ ਤੋਂ ਇੱਕ ਮਾਹਿਰ ਰਸੋਈਏ ਆਏ। ਉਹਨਾਂ ਨੇ ਕਿੰਨੇ ਹੀ ਖਾਣੇ ਬਣਾਏ ਪਰ ਰਾਜੇ ਨੇ ਸੁੰਘੇ ਵੀ ਨਹੀਂ। ਦਵਾਈਆਂ ਨੂੰ ਤਾਂ ਵੇਖਦੇ ਹੀ ਖਬਰੇ ਉਹ ਕ੍ਰੋਧਿਤ ਹੋ ਜਾਂਦਾ।

ਇਸ ਤਰ੍ਹਾਂ ਨਾਲ ਰਾਜਾ ਮਰਨ ਵਾਲਾ ਹੋ ਗਿਆ। ਕੋਈ ਉਪਾਅ ਬਾਕੀ ਨਹੀਂ ਰਿਹਾ। ਮੰਤਰੀਆਂ ਨੇ ਰਾਣੀ ਦੇ ਕੋਲ ਜਾ ਕੇ ਸਲਾਹ ਲਈ ਅਤੇ ਇੱਕ ਮਤ ਹੋ ਕੇ ਘੋਸ਼ਣਾ ਕਰਵਾਈ ਕਿ ਜੋ ਆਦਮੀ ਰਾਜਾ ਦੀ ਭੁੱਖ ਵਾਪਸ ਲਿਆ ਸਕੇਗਾ, ਉਸ ਨੂੰ ਸੋਨੇ ਦੀਆਂ ਇੱਕ ਲੱਖ ਮੋਹਰਾਂ ਮਿਲਣਗੀਆਂ।

ਇਸ ਦੇ ਬਾਦ ਰੋਜਾਨਾ ਰਾਜਮਹਿਲ ਦੇ ਸਾਹਮਣੇ ਹੁਸ਼ਿਆਰ ਲੋਕਾਂ ਦਾ ਮਜਮਾ ਲੱਗਣ ਲੱਗਾ। ਵੱਡੇ-ਵੱਡੇ ਵੈਦ ਹਕੀਮ ਤਾਂ ਆਏ ਹੀ, ਸੰਗੀਤਕਾਰ, ਕਵੀ ਅਤੇ ਚਿੱਤਰਕਾਰ ਵੀ ਆਏ। ਸਾਰਿਆਂ ਨੂੰ ਮੌਕਾ ਦਿਤਾ ਗਿਆ ਪਰ ਸਾਰੇ ਛੋਟਾ ਜਿਹਾ ਮੂੰਹ ਲੈ ਕੇ ਵਾਪਸ ਚਲੇ ਗਏ।

ਇੱਕ ਸੀ ਚਿਰੰਜੀਲਾਲ। ਇੱਕ ਦਿਨ ਉਸ ਨੇ ਲੋਕਾਂ



ਤੋਂ ਰਾਜੇ ਦੀ ਅਨੋਖੀ ਬੀਮਾਰੀ ਅਤੇ ਇਨਾਮ ਬਾਰੇ ਸੁਣਿਆ ਅਤੇ ਉਹ ਪਹੁੰਚ ਗਏ ਰਾਜਮਹਿਲ ਦੇ ਸਾਹਮਣੇ। ਉਥੇ ਲੱਗੀ ਭੀੜ ਨੂੰ ਧੱਕਦੇ ਹੋਏ ਉਹ ਕਿਸੇ ਤਰ੍ਹਾਂ ਪ੍ਰਧਾਨਮੰਤਰੀ ਤੱਕ ਪਹੁੰਚ ਗਏ। ਪ੍ਰਧਾਨਮੰਤਰੀ ਉਦਾਸੀ ਵਿੱਚੋਂ ਡੁੱਬੇ ਬੈਠੇ ਸਨ। ਰਹਿ-ਰਹਿ ਕੇ ਉਹਨਾਂ ਦੇ ਦਿਲ ਵਿੱਚ ਆਹ ਨਿਕਲ ਜਾਂਦੀ –''ਹਾਏ! ਰਾਜ ਦਾ ਕੀ ਹੋਵੇਗਾ? ਕੋਈ ਉਤਰਾਧਿਕਾਰੀ ਵੀ ਨਹੀਂ ਹੈ।''

ਤਦੇ ਚਿਰੰਜੀਲਾਲ ਨੇ ਛਾਤੀ ਠੋਕ ਕੇ ਕਿਹਾ, ''ਸ੍ਰੀਮਾਨ! ਮੈਂ ਰਾਜਾ ਨੂੰ ਠੀਕ ਕਰ ਸਕਦਾ ਹਾਂ, ਉਹਨਾਂ ਦੀ ਭੁੱਖ ਵਾਪਸ ਲਿਆ ਸਕਦਾ ਹਾਂ।''

ਪ੍ਰਧਾਨਮੰਤਰੀ ਨੇ ਲਾਹਪ੍ਰਵਾਹੀ ਨਾਲ ਉਸ ਵੱਲ ਵੇਖ ਕੇ ਕਿਹਾ, ''ਇਹ ਸੁਣਦੇ-ਸੁਣਦੇ ਮੇਰੇ ਕੰਨ ਪੱਕ ਗਏ ਹਨ। ਕੋਈ ਠੀਕ ਨਹੀਂ ਕਰ ਸਕਦਾ।''

ਚਿਰੰਜੀਲਾਲ ਨੇ ਦ੍ਰਿੜਤਾ ਪੂਰਵਕ ਕਿਹਾ, ''ਸੁਣੋ, ਜੇਕਰ ਮੈਂ ਉਹਨਾਂ ਨੂੰ ਠੀਕ ਨਾ ਕਰ ਸਕਿਆ ਤਾਂ ਮੇਰੀ ਗਰਦਨ ਕਟਵਾ ਦੇਣਾ ਪਰ ਮੇਰੀ ਸ਼ਰਤ ਬੜੀ ਸਖਤ ਹੈ। ਜੇਕਰ ਆਪ ਪਾਲਣ ਕਰ ਸਕੋ ਤਾਂ ਮੈਂ ਆਪਣਾ ਕੰਮ ਸ਼ੁਰੂ ਕਰਾਂ।''

ਇਸ ਵਾਰ ਪ੍ਰਧਾਨਮੰਤਰੀ ਕੁੱਝ ਹੈਰਾਨ ਹੋਏ। ਉਹਨਾਂ ਨੇ ਗਹੁ ਨਾਲ ਵੇਖਿਆ ਫਿਰ ਉਤਸੁਕ ਹੋ ਕੇ ਬੋਲੇ, ''ਤੁਸੀਂ ਕੀ ਚਾਹੁੰਦੇ ਹੋ?''

ਚਿਰੰਜੀਲਾਲ ਨੇ ਕਿਹਾ, ''ਧਿਆਨ ਨਾਲ ਸੁਣੋ; ਤੁਸੀਂ ਮੈਨੂੰ ਸੱਤ ਦਿਨ ਲਈ ਰਾਜਾ ਬਣਾ ਦਿਓ ਅਤੇ ਰਾਜਾ ਨੂੰ ਸਾਧਾਰਣ ਨਾਗਰਿਕ ਤਾਂ ਮੈਂ ਉਹਨਾਂ ਨੂੰ ਠੀਕ ਕਰ ਦੇਵਾਂਗਾ। ਠੀਕ ਸੱਤਵੇਂ ਦਿਨ ਮੈਂ ਗੱਦੀ ਤੋਂ ਉਤਰ ਜਾਵਾਂਗਾ ਅਤੇ ਰਾਜਾ ਜੀ ਸਿਹਤਮੰਦ ਹੋ ਕੇ ਸ਼ਾਸਨ ਸੰਭਾਲ ਲੈਣਗੇ।''

ਪ੍ਰਧਾਨਮੰਤਰੀ ਪਹਿਲਾਂ ਤਾਂ ਕ੍ਰੋਧਿਤ ਹੋ ਗਏ ਪਰ ਫਿਰ ਸੋਚਣ ਲੱਗੇ ਕਿ ਇਸ ਦਾ ਮਤਲਬ ਕੀ ਹੋ ਸਕਦਾ ਹੈ। ਚਿਰੰਜੀਲਾਲ ਦੀ ਦ੍ਰਿੜਤਾ ਤੋਂ ਪ੍ਰਭਾਵਿਤ ਵੀ ਹੋਏ ਸਨ। ਆਖਿਰ ਉਹਨਾਂ ਨੇ ਪੂਰੇ ਮੰਤਰੀਮੰਡਲ ਦੀ ਬੈਠਕ ਬੁਲਾਈ ਅਤੇ ਚਿਰੰਜੀਲਾਲ ਦੇ ਪ੍ਰਸਤਾਵ ਤੇ ਵਿਚਾਰ ਕੀਤਾ।

ਅੰਤ ਵਿੱਚ ਇਹ ਨਿਰਣਾ ਲਿਆ ਗਿਆ ਕਿ ਚਿਰੰਜੀਲਾਲ ਸੱਤ ਦਿਨ ਲਈ ਰਾਜਾ ਬਣਾਏ ਜਾਣਗੇ ਅਤੇ ਜੇਕਰ ਉਹ ਰਾਜਾ ਨੂੰ ਠੀਕ ਨਾ ਕਰ ਸਕੇ ਤਾਂ ਉਹਨਾਂ ਨੂੰ ਕਠੋਰ ਸਜਾ ਮਿਲੇਗੀ।

ਦੂਸਰੇ ਦਿਨ ਸਵੇਰੇ ਚਿਰੰਜੀਲਾਲ ਦਾ ਰਾਜਤਿਲਕ ਹੋਇਆ। ਗਾਜੇ-ਵਾਜੇ ਦੇ ਨਾਲ ਉਹ ਭਰੇ ਦਰਬਾਰ ਵਿੱਚ ਸਨਮਾਨ ਨਾਲ ਲਿਆਂਦੇ ਗਏ ਅਤੇ ਸਿੰਘਾਸਨ ਤੇ ਬੈਠੇ। ਬੈਠਦੇ ਹੀ ਉਹਨਾਂ ਨੇ ਹੁਕਮ ਦਿੱਤਾ, ''ਪੁਰਾਣੇ ਰਾਜਾ ਨੂੰ ਸਾਡੇ ਸਾਹਮਣੇ ਹਾਜ਼ਿਰ ਕੀਤਾ ਜਾਏ।''

ਰਾਜਾ ਆਇਆ। ਉਸ ਨੂੰ ਵੇਖਦੇ ਹੀ ਚਿਰੰਜੀਲਾਲ ਨੇ ਕੜਕ ਕੇ ਕਿਹਾ, ''ਇਸ ਨੂੰ ਮਹਿਲ ਤੋਂ ਬਾਹਰ ਕੱਢੋ ਅਤੇ ਪੱਥਰ ਦੀ ਖਾਨ ਵਿੱਚ ਮਜਦੂਰਾਂ ਦੇ ਨਾਲ ਕੰਮ ਤੇ ਲਗਾ ਦਿਉ। ਖਬਰਦਾਰ! ਕਿਸੇ ਨੇ ਵੀ ਇਸ ਨੂੰ ਉਥੋਂ ਹਟਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਜਾਨ ਤੋਂ ਹੱਥ ਧੋਣੇ ਪੈਣਗੇ।''

ਆਪਣੇ ਅਸਲੀ ਰਾਜਾ ਦਾ ਇਹ ਹਾਲ ਵੇਖ ਕੇ ਅਨੇਕ ਜਗੀਰਦਾਰਾਂ ਨੇ ਆਪਣੀਆਂ ਤਲਵਾਰਾਂ ਕੱਢ ਲਈਆਂ ਪ੍ਰੰਤੂ ਪ੍ਰਧਾਨਮੰਤਰੀ ਦੇ ਇਸ਼ਾਰੇ ਨਾਲ ਉਹ ਸ਼ਾਂਤ ਹੋ ਕੇ ਬੈਠ ਗਏ। ਆਖਿਰ ਚਿਰੰਜੀਲਾਲ ਦੀ ਹੀ ਚੱਲੀ। ਪੁਰਾਣੇ ਰਾਜਾ ਨੂੰ ਸਾਧਾਰਣ ਕੱਪੜੇ ਪਾਉਣ ਲਈ ਮਿਲੇ ਅਤੇ ਉਸ ਨੂੰ ਪੱਥਰ ਦੀ ਖਾਨ ਵਿੱਚ ਪੱਥਰ ਤੋੜਨ ਦੇ ਕੰਮ ਤੇ ਰਖਵਾ ਦਿੱਤਾ ਗਿਆ।



ਰਾਜਾ ਨੂੰ ਲੱਗਿਆ ਜਿਵੇਂ ਘੁਟਨ ਤੋਂ ਖੁਲ੍ਹੀ ਹਵਾ ਵਿੱਚ ਆ ਗਿਆ ਹੋਵੇ। ਕੜਕਦੀ ਧੁੱਪ ਵਿੱਚ ਪੱਥਰ ਤੋੜਦੇ-ਤੋੜਦੇ ਅਚਾਨਕ ਉਹ ਰੋਗੀ ਰਾਜਾ ਬੇਹੋਸ਼ ਹੋ ਕੇ ਲੁੜਕ ਗਿਆ।

ਕਈ ਮਜ਼ਦੂਰ ਦੌੜੇ ਆਏ। ਉਸ ਦੇ ਮੂੰਹ ਤੇ ਪਾਣੀ ਦੇ ਛਿੱਟੇ ਮਾਰੇ ਤਾਂ ਉਸ ਨੇ ਅੱਖਾਂ ਖੋਲ੍ਹੀਆਂ। ਉਸ ਨੂੰ ਇੱਕ ਲੋਟੇ ਵਿੱਚ ਪੀਣ ਲਈ ਪਾਣੀ ਦਿੱਤਾ ਗਿਆ। ਉਹ ਗਟ-ਗਟ ਕਰਕੇ ਪਾਣੀ ਪੀ ਗਿਆ।

ਦੁਪਹਿਰ ਨੂੰ ਮਜ਼ਦੂਰਾਂ ਦੇ ਖਾਣੇ ਦੀ ਛੁੱਟੀ ਹੋਈ। ਸਾਰੇ ਆਪਣਾ-ਆਪਣਾ ਖਾਣਾ ਖਾਣ ਲੱਗੇ। ਰਾਜਾ ਇੱਕ ਰੁੱਖ ਹੇਠਾਂ ਲੇਟ ਕੇ ਪਸੀਨਾ ਸੁਕਾਉਣ ਲੱਗਾ। ਕੁੱਝ ਦੇਰ ਬਾਅਦ ਮਜ਼ਦੂਰਾਂ ਦਾ ਧਿਆਨ ਉਸ ਤੇ ਗਿਆ। ਉਹਨਾਂ ਨੇ ਉਸ ਨੂੰ ਵੇਖ ਕੇ ਸੋਚਿਆ ਕਿ ਉਸ ਦੇ ਕੋਲ ਖਾਣਾ ਨਹੀਂ ਹੈ ਉਹਨਾਂ ਨੇ ਆਪਣੇ ਖਾਣੇ ਵਿਚੋਂ ਉਸ ਦੇ ਲਈ ਹਿੱਸਾ ਕੱਢਿਆ ਅਤੇ ਉਸ ਨੂੰ ਦੇਣ ਪਹੁੰਚੇ।

ਉਹ ਉਹਨਾਂ ਦੀ ਬੇਨਤੀ ਨੂੰ ਟਾਲ ਨਹੀਂ ਸਕਿਆ। ਉਠ ਕੇ ਬੈਠ ਗਿਆ। ਉਸ ਦੇ ਹੱਥਾਂ ਵਿੱਚ ਮੋਟੀਆਂ-ਮੋਟੀਆਂ ਰੋਟੀਆਂ ਸਨ ਅਤੇ ਉਹਨਾਂ ਤੇ ਰੱਖਿਆ ਪਿਆਜ਼। ਇੱਕ ਮਿਰਚ ਵੀ ਸੀ। ਉਸ ਨੇ ਰੋਟੀ ਦਾ ਇੱਕ ਟੁਕੜਾ ਪਿਆਜ ਦੇ ਨਾਲ ਖਾਧਾ ਤਾਂ ਉਸ ਨੂੰ ਲੱਗਿਆ ਕਿ ਇਹੀ ਸੀ ਉਹ ਸਵਾਦ, ਜਿਸ ਦੇ ਲਈ ਉਹ ਸਾਲਾਂ ਤੋਂ ਭਟਕ ਰਿਹਾ ਸੀ। ਉਸ ਨੇ ਜੀਅ ਭਰ ਕੇ ਖਾਧਾ ਅਤੇ ਫਿਰ ਘੜੇ ਦਾ ਠੰਡਾ ਪਾਣੀ ਪੀਤਾ।

ਉਹ ਰਾਜਮਹਿਲ ਦਾ ਰਾਜਸੀ ਠਾਠ ਭੁੱਲ ਗਿਆ। ਉਸ ਨੂੰ ਇਹ ਵੀ ਯਾਦ ਨਹੀਂ ਰਿਹਾ ਕਿ ਉਹ ਕਦੇ ਰਾਜਾ ਸੀ। ਦਿਨਭਰ ਕੰਮ ਕਰਦਾ। ਦੋ ਸਮੇਂ ਰੁੱਖੀ-ਸੁੱਕੀ ਰੋਟੀਆਂ ਪਿਆਜ ਅਤੇ ਹਰੀ ਮਿਰਚ ਨਾਲ ਖਾਂਦਾ। ਘੜੇ ਦਾ ਠੰਡਾ ਪਾਣੀ ਪੀਂਦਾ ਅਤੇ ਘੋੜੇ ਵੇਚ ਕੇ ਸੌਂਦਾ।

ਇਸ ਤਰ੍ਹਾਂ ਉਸ ਨੇ ਸੱਤ ਦਿਨ ਕੱਢੇ ਅਤੇ ਉਸ ਦੇ ਚਿਹਰੇ ਤੇ ਰੌਣਕ ਛਾ ਗਈ। ਉਹ ਮਸਤ ਹੋ ਗਿਆ ਸੀ। ਰਾਤ ਨੂੰ ਮਜ਼ਦੂਰ ਲੋਕ ਗਾਣਾ ਵਜਾਉਣਾ ਕਰਿਆ ਕਰਦੇ ਸਨ। ਰਾਜਾ ਜੋ ਉਥੇ ਕੰਮ ਕਰਨ ਲੱਗਾ ਸੀ, ਉਥੇ ਵੀ ਖ਼ੂਬ ਨੱਚਦਾ-ਗਾਉਂਦਾ ਸੀ।

ਸੱਤ ਦਿਨ ਗੁਜ਼ਰ ਗਏ। ਚਿਰੰਜੀਲਾਲ ਨੇ ਮੁਕਟ ਲਾਹ ਕੇ ਪ੍ਰਧਾਨਮੰਤਰੀ ਨੂੰ ਕਿਹਾ, ''ਜਾਉ, ਹੁਣ ਆਪਣੇ ਰਾਜਾ ਨੂੰ ਲੈ ਆਉ। ਉਹ ਠੀਕ ਹੋ ਗਏ ਹਨ।''

ਪ੍ਰਧਾਨਮੰਤਰੀ ਨੂੰ ਦੂਤਾਂ ਤੋਂ ਪਹਿਲਾਂ ਹੀ ਖਬਰ ਮਿਲ ਚੁਕੀ ਸੀ। ਉਹ ਬੇਹੱਦ ਸੰਤੁਸ਼ਟ ਸਨ। ਉਹਨਾਂ ਨੇ ਕਿਹਾ, ''ਚੱਲੋ, ਅਸੀਂ ਸਾਰੇ ਉਹਨਾਂ ਨੂੰ ਲਿਆਉਣ ਲਈ ਇੱਕਠੇ ਚਲਦੇ ਹਾਂ।''

ਦਲ-ਬਲ ਸਹਿਤ ਉਹ ਲੋਕ ਪੱਥਰ ਦੀ ਖਾਨ ਤਕ ਪਹੁੰਚੇ। ਰਾਜਾ ਉਥੇ ਆਰਾਮ ਨਾਲ ਬੈਠਾ ਪੱਥਰ ਤੋੜ ਰਿਹਾ ਸੀ। ਮੰਤਰੀਆਂ ਨੇ ਪ੍ਰਣਾਮ ਕਰਕੇ ਕਿਹਾ, ''ਮਹਾਰਾਜ! ਹੁਣ ਆਪ ਸਿਹਤਮੰਦ ਹੋ ਗਏ ਹੋ। ਚਲ ਕੇ ਰਾਜਪਾਟ ਸੰਭਾਲੋ।''



ਰਾਜਾ ਨੇ ਕਿਹਾ, ਮੈਂ ਇਥੇ ਠੀਕ ਹਾਂ। ਤੁਸੀਂ ਲੋਕ ਜਾਉ।'

ਸਾਰੇ ਲੋਕ ਹੈਰਾਨ ਹੋ ਗਏ। ਪ੍ਰਧਾਨਮੰਤਰੀ ਨੇ ਬਹੁਤ ਸਮਝਾਇਆ, ਪਰ ਰਾਜਾ ਨਹੀਂ ਮੰਨਿਆ।

ਸਭ ਹਾਰ ਗਏ ਤਾਂ ਚਿਰੰਜੀਲਾਲ ਨੇ ਰਾਜਾ ਦੇ ਸਾਹਮਣੇ ਸਿਰ ਟੇਕ ਕੇ ਕਿਹਾ, ''ਮਹਾਰਾਜ! ਇਹ ਸਭ ਮੇਰੇ ਕਹਿਣ ਤੇ ਕੀਤਾ ਗਿਆ ਸੀ। ਮੈਂ ਆਪ ਦੀ ਤਕਲੀਫ ਨੂੰ ਸਮਝ ਗਿਆ ਸੀ ਇਸ ਲਈ ਇਲਾਜ ਕਰ ਸਕਿਆ। ਪਰ ਹੁਣ ਆਪ ਆਪਣਾ ਰਾਜ ਸੰਭਾਲੋ, ਨਹੀਂ ਤਾਂ ਸਭ ਵਿਵਸਥਾ ਚੌਪਟ ਹੋ ਜਾਏਗੀ।''

ਰਾਜਾ ਨੇ ਕਿਹਾ, ''ਮੈਂ ਆਪ ਦਾ ਬਹੁਤ ਧੰਨਵਾਦੀ ਹਾਂ। ਆਪ ਨੇ ਮੇਰਾ ਸਹੀ ਇਲਾਜ ਕੀਤਾ ਪਰ ਹੁਣ ਮੇ ਰੀ ਗੱਲ ਮੰਨੋ। ਇਹ ਰਾਜ ਮੈਂ ਆਪ ਨੂੰ ਦਿੱਤਾ।''

ਚਿੰਰਜੀਲਾਲ ਨੇ ਗਿੜਗਿੜਾਉਂਦੇ ਹੋਏ ਕਿਹਾ, 'ਮਹਾਰਾਜ, ਇਹ ਰਾਜਪਾਟ ਆਪ ਨੂੰ ਮੁਬਾਰਕ! ਮੈਨੂੰ ਨਹੀਂ ਚਾਹੀਦਾ। ਇਹਨਾਂ ਸੱਤ ਦਿਨਾਂ ਵਿੱਚ ਆਪ ਦੀ ਭੁੱਖ-ਪਿਆਸ ਵਾਪਸ ਆ ਗਈ। ਆਪ ਤਾਂ ਠੀਕ ਹੋ ਗਏ। ਹੁਣ ਆਪ ਵਾਪਸ ਆਉ ਅਤੇ ਮੈਨੂੰ ਮੁਕਤੀ ਦਿਉ। ਰਾਜਮਹਿਲ ਵਿੱਚ ਅਰਾਮਦਾਇਕ ਜ਼ਿੰਦਗੀ ਜੀਣ ਨਾਲ ਮੇਰੀ ਤਾਂ ਰਾਤਾਂ ਦੀ ਨੀਂਦ ਉਡੱ ਗਈ ਹੈ।''

ਬੜੇ ਤਰਲੇ-ਮਿੰਨਤਾਂ ਦੇ ਬਾਦ ਰਾਜਾ ਵਾਪਸ ਆਇਆ। ਪਰ ਇਹ ਸੋਚ ਕੇ ਕਿ ਕੋਈ ਮਿਹਨਤ ਦਾ ਕੰਮ ਹਰ ਰੋਜ਼ ਕਰਿਆ ਕਰੇਗਾ। ਚਿਰੰਜੀਲਾਲ ਨੂੰ ਘੋਸ਼ਿਤ ਇਨਾਮ ਮਿਲਿਆ।





ਬਾਲ ਕਵਿਤਾ : ਰਾਜਿੰਦਰ

# ਪੁਸਤਕ

ਹਰ ਪੁਸਤਕ ਗਿਆਨ ਵਧਾਉਂਦੀ ਹੈ,
ਜੀਣ ਦਾ ਗੁਰ ਸਿਖਾਉਂਦੀ ਹੈ।

ਕਿਵੇਂ ਵਧ ਸਕਦੇ ਹਾਂ ਅਸੀਂ ਅੱਗੇ,
ਜੀਵਨ ਭੇਤ ਦਰਸਾਉਂਦੀ ਹੈ।

ਇਹ ਪੁਸਤਕ ਬੜੀ ਵਿਲੱਖਣ ਹੈ,
ਨਗੀਨੇ ਜੜੀ ਅੰਗੂਠੀ ਹੈ।

ਇਸ ਦੁਨੀਆ ਵਿੱਚ ਕੀ ਹੁੰਦਾ ਹੈ?
ਸੱਚ ਹੀ ਕਹਿੰਦੀ ਨਹੀਂ ਝੂਠੀ ਹੈ।

ਜਿਨ ਭਾਲਿਆ ਤਿਨ ਹੀ ਪਾਇਆ ਹੈ,
ਇਹ ਅੱਖਰ ਗਿਆਨ ਦੀ ਮਾਇਆ ਹੈ।

ਚੰਗੀ ਪੁਸਤਕ ਹੀ ਪੜਨੀ ਹੈ,
ਗੁਰੂ ਜੀ ਨੇ ਸਮਝਾਇਆ ਹੈ।

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** *ਪ੍ਰਿਥਵੀ ਗਤੀਸ਼ੀਲ ਹੁੰਦੇ ਹੋਏ ਵੀ ਸਥਿਰ ਕਿਉਂ ਲੱਗਦੀ ਹੈ?*

**ਉੱਤਰ :** ਸੌਰਮੰਡਲ ਵਿੱਚ ਗ੍ਰਹਿਆਂ ਦੀ ਗਿਣਤੀ ਨੌਂ ਹੈ ਜਿਹਨਾਂ ਵਿਚੋਂ ਇਕ ਪ੍ਰਿਥਵੀ ਵੀ ਹੈ। ਇਹਨਾਂ ਗ੍ਰਹਿਆਂ ਦਾ ਮੁਖੀਆ ਸੂਰਜ ਹੈ ਅਤੇ ਸਾਰੇ ਗ੍ਰਹਿ ਸੂਰਜ ਦੇ ਚਾਰੇ ਪਾਸੇ ਗਤੀ ਕਰਦੇ ਹਨ। ਫਿਰ ਵੀ ਪ੍ਰਿਥਵੀ ਦੇ ਆਪਣੇ ਧੁਰੇ ਤੇ ਲਗਾਤਾਰ ਘੁੰਮਦੇ ਰਹਿਣ ਦੇ ਬਾਵਜੂਦ ਵੀ ਸਾਨੂੰ ਇਸ ਦੇ ਘੁੰਮਣ ਦਾ ਅੰਦਾਜ਼ਾ ਭਲਾ ਕਿਉਂ ਨਹੀਂ ਹੁੰਦਾ? ਇਸਦਾ ਕਾਰਨ ਹੈ ਕਿ ਦਰਅਸਲ, ਪ੍ਰਿਥਵੀ ਇਕ ਸਮਾਨ ਗਤੀ ਨਾਲ ਘੁੰਮਦੀ ਹੈ। ਕਿਸੇ ਵਸਤੂ ਦੀ ਗਤੀ ਦਾ ਅਨੁਮਾਨ ਉਸ ਵਿੱਚ ਹੋਣ ਵਾਲੇ ਪਰਿਵਰਤਨ ਨਾਲ ਮਾਲੂਮ ਹੋ ਸਕਦਾ ਹੈ। ਹਾਂ, ਕਦੇ-ਕਦੇ ਸੂਰਜ ਦੀ ਬਦਲਦੀ ਹੋਈ ਸਥਿਤੀ ਨਾਲ ਪ੍ਰਿਥਵੀ ਦੀ ਗਤੀ ਦਾ ਅਹਿਸਾਸ ਜ਼ਰੂਰ ਹੁੰਦਾ ਹੈ।

**ਪ੍ਰਸ਼ਨ :** *ਬੰਦੂਕ ਦੀ ਗੋਲੀ ਨਿਸ਼ਾਨੇ ਨਾਲ ਟਕਰਾਉਣ ਤੇ ਗਰਮ ਕਿਉਂ ਹੋ ਜਾਂਦੀ ਹੈ?*

**ਉੱਤਰ :** ਜਦ ਬੰਦੂਕ ਤੋਂ ਗੋਲੀ ਨਿਕਲਦੀ ਹੈ ਤਾਂ ਉਸ ਦਾ ਵੇਗ ਬਹੁਤ ਜ਼ਿਆਦਾ ਹੁੰਦਾ ਹੈ। ਇਸੇ ਕਾਰਣ ਨਾਲ ਗੋਲੀ ਵਿੱਚ ਊਰਜਾ ਵੀ ਜ਼ਿਆਦਾ ਰਹਿੰਦੀ ਹੈ। ਦੂਸਰੇ ਪਾਸੇ, ਗੋਲੀ ਨਿਸ਼ਾਨੇ ਨਾਲ ਟਕਰਾਉਂਦੇ ਹੀ ਆਪਣੀ ਊਰਜਾ ਗਵਾ ਦਿੰਦੀ ਹੈ। ਇਸ ਨਾਲ ਉਸ ਦਾ ਵੇਗ ਵੀ ਜੀਰੋ ਹੋ ਜਾਂਦਾ ਹੈ। ਨਤੀਜੇ ਵਜੋਂ, ਬੰਦੂਕ ਦੀ ਗੋਲੀ ਨਿਸ਼ਾਨੇ ਨਾਲ ਟਕਰਾਉਣ ਤੇ ਗਰਮ ਹੋ ਜਾਂਦੀ ਹੈ।

**ਪ੍ਰਸ਼ਨ :** *ਟਿਊਬਲਾਇਟ ਦੀ ਰੋਸ਼ਨੀ ਵਿੱਚ ਛੱਤ ਦਾ ਪੱਖਾ ਉਲਟਾ ਘੁੰਮਦਾ ਹੋਇਆ ਕਿਉਂ ਦਿਖਾਈ ਦਿੰਦਾ ਹੈ?*

**ਉੱਤਰ :** ਰਾਤ ਦੇ ਸਮੇਂ ਤੁਸੀਂ ਕਮਰੇ ਵਿੱਚ ਜੋ ਟਿਊਬਲਾਇਟ ਜਗਾਉਂਦੇ ਹੋ, ਉਸ ਦੇ ਪ੍ਰਕਾਸ਼ ਦੀਆਂ ਕਿਰਣਾਂ ਰੁਕ-ਰੁਕ ਕੇ ਨਿਕਲਦੀਆਂ ਹਨ। ਲੇਕਿਨ ਤੁਹਾਨੂੰ ਇਸ ਦਾ ਅਨੁਭਵ ਨਹੀਂ ਹੁੰਦਾ। ਤੁਹਾਨੂੰ ਤਾਂ ਬਸ ਟਿਊਬਲਾਇਟ ਵਿਚੋਂ ਰੋਸ਼ਨੀ ਲਗਾਤਾਰ ਨਿਕਲਦੀ ਮਾਲੂਮ ਹੁੰਦੀ ਹੈ। ਜਦ ਪੱਖੇ ਦੇ ਬਲੇਡਾਂ ਦੇ ਘੁੰਮਣ ਦੀ ਗਤੀ ਟਿਊਬਲਾਇਟ ਵਿਚੋਂ ਨਿਕਲਣ ਵਾਲੀ ਰੋਸ਼ਨੀ ਦੀ ਗਤੀ ਤੋਂ ਘੱਟ ਜਾਂ ਜ਼ਿਆਦਾ ਹੋ ਜਾਂਦੀ ਹੈ ਤਾਂ ਛੱਤ ਦਾ ਪੱਖਾ ਉਲਟਾ ਘੁੰਮਦਾ ਹੋਇਆ ਦਿਖਾਈ ਦਿੰਦਾ ਹੈ।

# ਨਵਾਂ ਸਾਲ ਮੁਬਾਰਕ

ਲਉ ਜੀ ਫਿਰ ਆ ਗਿਆ ਏ,
ਨਵਾਂ ਸਾਲ ਬੱਚਿਉ,
ਫਿਰ ਆ ਗਿਆ ਏ,
ਨਵੇਂ ਸਾਲ ਵਿਚ ਕਰਿਉ ਕਮਾਲ ਬੱਚਿਉ
ਫਿਰ ਆ ਗਿਆ ਏ...

ਮਨ ਸਿਮਰਨ ਵਿਚ ਲਾਇਆ ਕਰਨੈ,
ਰੋਜ਼ ਸੰਗਤ ਵਿਚ ਜਾਇਆ ਕਰਨੈ
ਮੰਮੀ ਪਾਪਾ ਨਾਲ ਬੱਚਿਉ
ਫਿਰ ਆ ਗਿਆ ਏ...

ਨਿਸ਼ਠਾ ਤੇ ਸਾਧਿਕ ਨੇ ਪਾਈ,
ਨਿਤਿਨ ਨੇ ਹੁਣ ਨਵੀ ਸਵਾਈ
ਪੂਰੇ ਚਾਵਾਂ ਨਾਲ ਬੱਚਿਉ
ਫਿਰ ਆ ਗਿਆ ਏ...

ਸੋਹਣੇ-ਸੋਹਣੇ ਗੀਤ ਵੀ ਗਾਉ,
ਪਿਆਰ ਸਤਿਕਾਰ ਵੀ ਕਰਦੇ ਜਾਉ।
ਨੱਚ-ਨੱਚ ਪਾਉ ਧਮਾਲ ਬੱਚਿਉ
ਫਿਰ ਆ ਗਿਆ ਏ...

ਵਰਦੀ ਵਿਚ ਕੋਈ ਵਲ ਨਾ ਹੋਵੇ,
ਮਨ ਵਿਚ ਕੋਈ ਛਲ ਨਾ ਹੋਵੇ
ਹੋਵਣ ਨੇਕ ਖਿਆਲ ਬੱਚਿਉ
ਫਿਰ ਆ ਗਿਆ ਏ...





ਕਹਾਣੀ : ਅਨੀਤਾ ਕਪੂਰ

# ਮੰਤਰੀ ਦੀ ਚੋਣ

ਨੰਦਨਵਨ ਦਾ ਰਾਜਾ ਸ਼ੇਰਸਿੰਘ ਬਹੁਤ ਹੀ ਸਮਝਦਾਰ ਅਤੇ ਸ਼ਾਂਤੀਪਸੰਦ ਰਾਜਾ ਸੀ। ਉਸ ਦੇ ਰਾਜ ਵਿੱਚ ਕਿਸੇ ਵੀ ਜਾਨਵਰ ਨੂੰ ਕਿਸੇ ਤੋਂ ਵੀ ਕੋਈ ਦੁੱਖ ਨਹੀਂ ਸੀ। ਸਾਰੇ ਪਾਸੇ ਖੁਸ਼ਹਾਲੀ ਹੀ ਖੁਸ਼ਹਾਲੀ ਸੀ। ਸਾਰੇ ਅਮਨ ਚੈਨ ਨਾਲ ਆਪਣੀ ਜ਼ਿੰਦਗੀ ਗੁਜ਼ਾਰ ਰਹੇ ਸਨ। ਨੰਦਨਵਨ ਦੀ ਪ੍ਰਜਾ ਨੂੰ ਅਮਨ-ਚੈਨ ਦੀ ਜ਼ਿੰਦਗੀ ਜਿਉਂਦੇ ਵੇਖ ਕੇ ਨਾਲ-ਨਾਲ ਦੇ ਹੋਰ ਜੰਗਲਾਂ ਦੇ ਰਾਜੇ ਵੀ ਦੰਦਾਂ ਹੇਠਾਂ ਉਂਗਲੀਆਂ ਦੁਬਾਉਂਦੇ ਸਨ। ਰਾਜਾ ਸ਼ੇਰਸਿੰਘ ਦੀ ਐਨੀ ਵਧੀਆ ਵਿਵਸਥਾ ਦਾ ਕਾਰਣ ਇਹ ਸੀ ਕਿ ਨੰਦਨਵਨ ਦੇ ਰਾਜੇ ਨੇ ਸਾਰੇ ਕੰਮਾਂ ਲਈ ਵੱਖ-ਵੱਖ ਵਿਵਸਥਾ ਵਿਭਾਗ ਬਣਾ ਰੱਖੇ ਸਨ। ਹਰ ਵਿਭਾਗ ਦਾ ਮੁਖੀਆ ਇੱਕ ਮੰਤਰੀ ਹੁੰਦਾ ਸੀ। ਭੋਜਨ ਵਿਭਾਗ ਦਾ ਰੱਖਵਾਲਾ ਮੰਗੂਰਾਮ ਭਾਲੂ ਸੀ ਤਾਂ ਗ੍ਰਹਿ ਵਿਭਾਗ ਦਾ ਮਸਤਰਾਮ ਮੋਲੂ ਹਾਥੀ ਸੀ। ਨਿਆਂ ਵਿਭਾਗ ਦੇ ਮੁਖੀਆ ਸਨ ਬਜ਼ੁਰਗ ਗਿੱਦੜ, ਤਾਂ ਸੁਰੱਖਿਆ ਦਾ ਜ਼ਿੰਮਾ ਹੱਟੇ-ਕੱਟੇ ਚਾਂਦਮਲ ਚੀਤੇ ਦੇ ਉਪਰ ਸੀ। ਇਹਨਾਂ ਸਾਰੇ ਲੋਕਾਂ ਦੇ ਉਪਰ ਇੱਕ ਪ੍ਰਧਾਨਮੰਤਰੀ ਦੇ ਰੂਪ ਵਿੱਚ ਆਪਣਾ ਫਰਜ਼ ਨਿਭਾਉਣ ਵਿੱਚ ਮਾਹਿਰ ਬੱਬਰ ਸ਼ੇਰੂਮਲ ਸਨ। ਜੋ ਆਪਣੀ ਸੂਝ-ਬੂਝ ਅਤੇ ਦੂਰਦਰਸ਼ਿਤਾ ਰਾਹੀਂ ਪੂਰੇ ਨੰਦਨਵਨ ਨੂੰ ਠੀਕ ਰੱਖਣ ਵਿੱਚ ਰਾਜਾ ਸ਼ੇਰਸਿੰਘ ਨੂੰ ਗੁਰਮੰਤਰ ਅਤੇ ਸਲਾਹ ਦਿੰਦੇ ਰਹਿੰਦੇ।

ਬਦਕਿਸਮਤੀ ਨਾਲ ਇੱਕ ਵਾਰ ਜੰਗਲ ਵਿੱਚ ਕੁੱਝ ਸ਼ਿਕਾਰੀ ਆ ਗਏ ਅਤੇ ਪ੍ਰਧਾਨਮੰਤਰੀ ਬੱਬਰ ਸ਼ੇਰੂਮਲ ਉਹਨਾਂ ਦੀ ਗੋਲੀ ਦਾ ਸ਼ਿਕਾਰ ਹੋ ਗਏ। ਅਚਾਨਕ ਉਸ ਦੀ ਮੌਤ ਨਾਲ ਰਾਜਾ ਸ਼ੇਰਸਿੰਘ ਬਹੁਤ ਚਿੰਤਤ ਹੋ ਗਿਆ। ਆਖਿਰਕਾਰ ਨੰਦਨਵਨ ਦੀ ਸੁਰੱਖਿਆ ਦਾ ਸਵਾਲ ਸੀ। ਆਖਿਰ ਕਿਸ ਨੂੰ ਚੁਣੇ ਇਸ ਪ੍ਰਧਾਨਮੰਤਰੀ ਦੇ ਅਹੁਦੇ ਲਈ? ਕਿਉਂਕਿ ਇਸ ਪ੍ਰਮੁੱਖ ਅਹੁਦੇ ਨੂੰ ਹਾਸਿਲ ਕਰਨ ਲਈ ਸਾਰੇ 'ਜੀ-ਜਾਨ' ਨਾਲ ਲੱਗੇ ਹੋਏ ਸਨ। ਕਈ ਦਿਨਾਂ ਦੀ ਸੋਚ-ਵਿਚਾਰ ਦੇ ਬਾਦ ਰਾਜਾ ਸ਼ੇਰਸਿੰਘ ਨੇ ਇਹ ਨਿਰਣਾ ਲਿਆ ਕਿ ਜੋ ਵੀ ਮੰਤਰੀ ਮੇਰੇ ਸਵਾਲਾਂ ਦਾ ਸਭ ਤੋਂ ਠੀਕ ਉੱਤਰ ਦਏਗਾ, ਉਸ ਨੂੰ ਹੀ ਪ੍ਰਧਾਨਮੰਤਰੀ ਦਾ ਅਹੁਦਾ ਦੇ ਦੇਵਾਂਗਾ।

ਪ੍ਰੀਖਿਆ ਦੇ ਦਿਨ ਸਾਰੇ ਲੋਕਾਂ ਨੂੰ ਇੱਕ ਥਾਂ ਤੇ ਇੱਕਠਾ ਹੋਣ ਦਾ ਆਦੇਸ਼ ਦਿੱਤਾ ਗਿਆ। ਸਾਰੇ ਮੰਤਰੀ ਆਪਣੀ ਵਿਦਵਤਾ ਦੀ ਧਾਂਕ ਜਮਾਉਣ ਲਈ ਵਧ-ਚੜ ਕੇ ਹਿੱਸਾ ਲੈਣ ਪਹੁੰਚੇ।


ਰਾਜਾ ਸ਼ੇਰਸਿੰਘ ਨੇ ਕਿਹਾ- ਮੰਤਰੀਗਣ! ਇਹ ਤਾਂ ਆਪ ਜਾਣਦੇ ਹੀ ਹੋ ਕਿ ਜੋ ਮੇਰੇ ਸਵਾਲਾਂ ਦਾ ਸਭ ਤੋਂ ਠੀਕ ਉੱਤਰ ਦਏਗਾ ਉਸ ਨੂੰ ਹੀ ਪ੍ਰਧਾਨਮੰਤਰੀ ਦਾ ਅਹੁਦਾ ਮਿਲੇਗਾ। ਇਹ ਕਹਿ

ਕੇ ਰਾਜਾ ਸ਼ੇਰਸਿੰਘ ਨੇ ਸਵਾਲ ਪੁੱਛਿਆ- ਮੰਨ ਲਉ ਦਰਬਾਰ ਲੱਗਾ ਹੋਇਆ ਹੈ ਅਤੇ ਕੋਈ ਸ਼ਿਕਾਰੀ ਮੇਰੇ ਤੇ ਨਿਸ਼ਾਨਾ ਲਗਾਈ ਖੜਾ ਹੈ। ਮੈਂ ਉਸ ਨੂੰ ਨਹੀਂ ਵੇਖ ਸਕਿਆ ਪਰ ਤੁਹਾਡੀ ਨਜ਼ਰ ਉਸ ਤੇ ਪੈ ਜਾਏ ਤਾਂ ਤੁਸੀਂ ਕੀ ਕਰੋਗੇ?

ਸਵਾਲ ਸੁਣਦੇ ਹੀ ਭੋਜਨ ਵਿਭਾਗ ਦੇ ਮੰਗੂਰਾਮ ਭਾਲੂ ਸ਼ਾਨ ਨਾਲ ਆਪਣਾ ਹੱਥ ਮੱਥੇ ਤੇ ਫੇਰਦੇ ਹੋਏ ਬੋਲੇ - ਮਹਾਰਾਜ! ਮੈਂ ਉਸ ਪਾਪੀ ਤੇ ਆਪ ਦੀ ਹੱਤਿਆ ਦਾ ਆਰੋਪ ਲਗਾ ਕੇ ਮੁਕੱਦਮਾ ਚਲਾਊਂਗਾ, ਜਿਸ ਨਾਲ ਉਸ ਨੂੰ ਉਚਿਤ ਦੰਡ ਦਿੱਤਾ ਜਾ ਸਕੇ। ਇਸੇ ਤਰ੍ਹਾਂ ਸਾਰਿਆਂ ਨੇ ਆਪਣੀ-ਆਪਣੀ ਬੁੱਧੀ ਦਾ ਕੌਸ਼ਲ ਵਿਖਾਉਂਦੇ ਹੋਏ ਆਪਣੇ-ਆਪਣੇ ਢੰਗ ਨਾਲ ਉਤੱਰ ਦਿੱਤੇ। ਅੰਤ ਵਿੱਚ ਸੁਰੱਖਿਆ ਮੰਤਰੀ ਚਾਂਦਮਲ ਚੀਤੇ ਨੇ ਆਪਣਾ ਮਤ ਇਸ ਤਰ੍ਹਾਂ ਰੱਖਿਆ।

ਮਹਾਰਾਜ! ਉਸ ਨੀਚ ਪਾਪੀ ਸ਼ਿਕਾਰੀ ਨੂੰ ਤਾਂ ਦੰਡ ਮੈਂ ਦੇਵਾਂਗਾ ਹੀ ਪਰ ਸਭ ਤੋਂ ਪਹਿਲਾਂ ਆਪ ਦੀ ਜਾਨ ਦੀ ਰੱਖਿਆ ਕਰਨਾ ਜ਼ਰੂਰੀ ਹੋਵੇਗਾ। ਇਸ ਲਈ ਮੈਂ ਪੂਰੀ ਤਤਪਰਤਾ ਨਾਲ ਆਪ ਨੂੰ ਆਪ ਦੇ ਆਸਨ ਤੋਂ ਹਟਾਉਣ ਦਾ ਯਤਨ ਕਰਾਂਗਾ ਜਿਸ ਨਾਲ ਉਸ ਦਾ ਨਿਸ਼ਾਨਾ ਚੂਕ ਜਾਏ ਅਤੇ ਛੇਤੀ ਨਾਲ ਛਾਲ ਮਾਰ ਕੇ ਉਸ ਤੇ ਹਮਲਾ ਕਰਕੇ ਉਸ ਨੂੰ ਪਲਭਰ ਵਿੱਚ ਹੀ ਉਸ ਦੀ ਚਲਾਕੀ ਦਾ ਮਜਾ ਚਖਾ ਦੇਵਾਂਗਾ।

ਰਾਜਾ ਸ਼ੇਰਸਿੰਘ ਬਹੁਤ ਪ੍ਰਭਾਵਿਤ ਹੋਇਆ ਅਤੇ ਖੁਸ਼ ਹੋ ਕੇ ਉਥੇ ਹੀ ਤੁਰੰਤ ਚਾਂਦਮਲ ਚੀਤੇ ਨੂੰ ਪ੍ਰਧਾਨਮੰਤਰੀ ਪਦ ਦੇਣ ਦੀ ਘੋਸ਼ਣਾ ਕਰ ਦਿੱਤੀ। ਇਸ ਤਰ੍ਹਾਂ ਸਾਰੇ ਜਾਨਵਰਾਂ ਨੇ ਵੀ ਰਾਜਾ ਦੇ ਇਸ ਫੈਸਲੇ ਦੀ ਭਰਪੂਰ ਪ੍ਰਸ਼ੰਸਾ ਕੀਤੀ। ਚਾਂਦਮਲ ਚੀਤੇ ਦੀ ਵੀ ਪ੍ਰਸ਼ੰਸਾ ਕੀਤੀ ਜਿਸ ਨੇ ਆਪਣੀ ਬੁੱਧੀ ਰਾਹੀਂ ਪ੍ਰਧਾਨਮੰਤਰੀ ਦੇ ਆਹੁਦੇ ਨੂੰ ਹਾਸਿਲ ਕਰ ਲਿਆ।



ਵਿਸ਼ੇਸ਼ ਲੇਖ : ਡਾ: ਵਿਨੋਦ ਗੁਪਤਾ

# ਕੀ ਹੈ ਐਕਸ-ਰੇ ?

ਇਕ ਜਿਗਿਆਸੂ ਬਾਲਕ ਸੀ ਵਿਲੀਅਮ ਰੌਟਜਨ। ਉਸ ਦੇ ਘਰ ਤੋਂ ਥੋੜੀ ਦੂਰ ਤੇ ਇੱਕ ਫੋਟੋਗ੍ਰਾਫਰ ਰਹਿੰਦਾ ਸੀ। ਇੱਕ ਦਿਨ ਉਹ ਆਪਣੀ ਫੋਟੋ ਖਿਚਵਾ ਕੇ ਘਰ ਵਾਪਸ ਆ ਰਿਹਾ ਸੀ ਤਾਂ ਉਸ ਦੇ ਮਨ ਵਿੱਚ ਇਹ ਵਿਚਾਰ ਆਇਆ ਕਿ ਜਦ ਸਰੀਰ ਦੇ ਬਾਹਰੀ ਹਿੱਸੇ ਦੀ ਤਸਵੀਰ ਖਿੱਚੀ ਜਾ ਸਕਦੀ ਹੈ ਤਾਂ ਅੰਦਰੂਨੀ ਹਿੱਸੇ ਦੀ ਕਿਉਂ ਨਹੀਂ ਖਿੱਚੀ ਜਾ ਸਕਦੀ? ਲੇਕਿਨ ਉਸ ਨੂੰ ਇਸ ਵਿਸ਼ੇ ਵਿੱਚ ਕਿਸੇ ਤੋਂ ਕੋਈ ਸੰਤੋਸ਼ਜਨਕ ਉੱਤਰ ਨਹੀਂ ਮਿਲ ਸਕਿਆ। ਵਿਲੀਅਮ ਨੇ ਜਦ ਸਕੂਲੀ ਸਿਖਿਆ ਪੂਰੀ ਕਰਕੇ ਕਾਲਜ ਵਿੱਚ ਦਾਖਿਲਾ ਲਿਆ ਤਦ ਉਸ ਦੇ ਮਨ ਵਿੱਚ ਇਹੀ ਸਵਾਲ ਸੀ।


ਵਿਲੀਅਮ ਦਾ ਇੱਕ ਮਿੱਤਰ ਪੇਸ਼ੇ ਤੋਂ ਡਾਕਟਰ ਸੀ। ਇੱਕ ਦਿਨ ਵਿਲੀਅਮ ਆਪਣੇ ਡਾਕਟਰ ਮਿੱਤਰ ਦੇ ਕੋਲ ਬੈਠਾ ਇਸ ਸੰਬੰਧ ਵਿੱਚ ਗੱਲਬਾਤ ਕਰ ਰਿਹਾ ਸੀ ਕਿ ਇੱਕ ਅਜਿਹਾ ਮਰੀਜ ਉਥੇ ਆਇਆ ਜੋ ਪੇਟ ਦਰਦ ਨਾਲ ਪੀੜਤ ਸੀ ਅਤੇ ਦਰਦ ਦੇ ਮਾਰੇ ਬੁਰੀ ਤਰ੍ਹਾਂ ਛਟਪਟਾ ਰਿਹਾ ਸੀ। ਡਾਕਟਰ ਨੇ ਉਸ ਦੇ ਪੇਟਦਰਦ ਦਾ ਕਾਰਣ ਜਾਣਨ ਦੀ ਬਹੁਤ ਕੋਸ਼ਿਸ਼ ਕੀਤੀ ਲੇਕਿਨ ਨਹੀਂ ਜਾਣ ਸਕਿਆ। ਅੰਤ ਇੱਕ ਦਿਨ ਇਸੇ ਪੇਟਦਰਦ ਨੇ ਉਸ ਮਰੀਜ਼ ਦੀ ਜਾਨ ਲੈ ਲਈ।


ਵਿਲੀਅਮ ਨੂੰ ਫਿਰ ਲਗਿਆ ਕਿ ਕਾਸ਼! ਕੋਈ ਮਸ਼ੀਨ ਅਜਿਹੀ ਹੁੰਦੀ ਜਿਸ ਨਾਲ ਉਸ ਮਰੀਜ਼ ਦੇ ਪੇਟ ਦੇ ਅੰਦਰ ਦੀ ਫੋਟੋ ਆ ਜਾਂਦੀ ਤਾਂ ਸ਼ਾਇਦ ਉਹ ਬਚ ਜਾਂਦਾ। ਉਸ ਨੇ ਆਪਣੇ ਡਾ: ਮਿੱਤਰ ਨਾਲ ਇਸ ਸੰਬੰਧ ਵਿੱਚ ਚਰਚਾ ਕੀਤੀ। ਡਾਕਟਰ ਨੇ ਵਿਲੀਅਮ ਦੇ ਵਿਚਾਰ ਨਾਲ ਸਹਿਮਤੀ ਜਾਹਿਰ ਕੀਤੀ ਅਤੇ ਉਸ ਨੂੰ ਖੁਦ ਇਸ ਦਿਸ਼ਾ ਵਿੱਚ ਪਹਿਲ ਕਰਨ ਲਈ ਕਿਹਾ। ਵਿਲੀਅਮ ਅਜਿਹੀ ਮਸ਼ੀਨ ਦੀ ਕਾਢ ਦੀ ਉਦੇੜਬੁਨ ਵਿੱਚ ਲਗ ਗਿਆ ਜੋ ਸਰੀਰ ਦੇ ਅੰਦਰ ਦੀ ਤਸਵੀਰ ਲੈ ਸਕੇ। ਵਿਲੀਅਮ ਰੌਂਟਜਨ ਸ਼ੁਰੂ ਤੋਂ ਹੀ ਹੋਣਹਾਰ ਵਿਦਿਆਰਥੀ ਸਨ। ਸੰਨ 1888 ਵਿੱਚ ਉਹ ਵੁਰਜਬਰਗ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਬਣ ਗਏ।ਹੁਣ ਉਹਨਾਂ ਲਈ ਕੋਈ ਨਵੀਂ ਖੋਜ ਕਰਨਾ ਆਸਾਨ ਸੀ। ਉਹਨਾਂ ਹੋਰ ਵਿਗਿਆਨਕਾਂ ਦੀਆਂ ਬਿਜਲੀ ਦੀਆਂ ਕਿਰਣਾਂ ਸੰਬੰਧੀ ਖੋਜਾਂ ਤੇ ਗਹਿਰਾ ਅਧਿਐਨ ਕੀਤਾ।

ਸੰਨ 1895 ਵਿੱਚ ਇੱਕ ਦਿਨ ਦੀ ਗੱਲ ਹੈ। ਉਹ ਕੱਚ ਦੀ ਗੋਲੀ ਵਿੱਚ ਕਈ ਨਲੀਆਂ ਨੂੰ ਲਗਾ ਕੇ ਕੁੱਝ ਖੋਜ ਕਰ ਰਿਹਾ ਸੀ ਕਿ ਅਚਾਨਕ ਉਸ ਨੂੰ ਫੋਟੋਗ੍ਰਾਫ ਪਲੇਟ ਦਿਖਾਈ ਦੇਣ ਲੱਗੀ। ਮਜੇ ਦੀ ਗੱਲ ਤਾਂ ਇਹ ਵੀ ਸੀ ਉਹ ਪਲੇਟ ਕਾਲੇ ਕੱਪੜੇ ਨਾਲ ਬੰਨ੍ਹੀ ਹੋਈ ਕੁੱਝ ਦੂਰੀ ਤੇ ਰੱਖੀ ਸੀ। ਇਹ ਪਲੇਟ ਕਿਉਂ ਦਿਖਾਈ ਦਿੱਤੀ, ਉਸ ਦੀ ਸਮਝ ਵਿੱਚ ਨਹੀਂ ਆਇਆ। ਉਸ ਨੇ ਬਦਲ ਕੇ ਵੇਖਿਆ, ਫਿਰ ਵੀ ਉਹ ਦਿਖਾਈ ਦੇ ਰਹੀ ਸੀ। ਤਦ ਉਸ ਨੇ ਵੇਖਿਆ ਕਿ ਜਿਸ ਡਿਸਚਾਰਜ ਟਿਊਬ ਤੇ ਉਹ ਪ੍ਰਯੋਗ ਕਰ ਰਿਹਾ ਹੈ ਉਸ ਦਾ ਸੰਬੰਧ ਉਹਨਾਂ ਫੋਟੋਗ੍ਰਾਫ ਪਲੇਟਾਂ ਨਾਲ ਹੈ ਲੇਕਿਨ ਪ੍ਰੋ: ਵਿਲੀਅਮ ਇਹਨਾਂ ਚਮਤਕਾਰ ਕਿਰਣਾਂ ਨੂੰ ਜਾਣ ਨਾ ਸਕੇ।

ਗਣਿਤ ਬ੍ਰਾਂਚ ਵਿੱਚ ਅਗਿਆਤ ਵਸਤੂ ਵਿਸ਼ੇਸ਼ ਨੂੰ ਪ੍ਰਦਰਸ਼ਿਤ ਕਰਨ ਵਾਲੀ 'ਐਕਸ' ਦੇ ਨਾਮ ਤੇ ਇਹਨਾਂ ਕਿਰਣਾਂ ਦਾ ਨਾਮ 'ਐਕਸ-ਰੇ' ਰੱਖਿਆ ਗਿਆ ਜੋ ਅੱਜ ਵੀ ਪ੍ਰਚਲਿਤ ਹੈ। ਸੰਨ 1900 ਵਿੱਚ ਪ੍ਰੋ: ਵਿਲੀਅਮ ਰੌਂਟਜਨ ਨੂੰ ਇਸ ਮਹੱਤਵਪੂਰਣ ਖੋਜ ਲਈ ਬਰਨਾਰਡ ਪਦਕ ਮਿਲਿਆ। ਇਸ ਤੋਂ ਪਹਿਲਾਂ 1896 ਵਿੱਚ ਰਮਫੋਰਡ ਮੈਡਲ ਨਾਲ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। 1901 ਵਿੱਚ ਉਹਨਾਂ ਨੂੰ ਭੌਤਿਕੀ ਦਾ ਪਹਿਲਾ ਨੋਬਲ ਪੁਰਸਕਾਰ ਮਿਲਿਆ।

ਸੰਨ 1923 ਵਿੱਚ ਪ੍ਰੋ: ਵਿਲੀਅਮ ਰੌਂਟਜਨ ਦੀ ਮੌਤ ਹੋ ਗਈ। ਲੇਕਿਨ ਉਹਨਾਂ ਦੀ ਇਹ ਕਾਢ ਮੈਡੀਕਲ ਵਿਗਿਆਨ ਲਈ ਵਰਦਾਨ ਬਣਿਆ ਹੋਇਆ ਹੈ।





ਐਕਸ-ਰੇ ਕਿਰਣਾਂ ਇੱਕ ਪ੍ਰਕਾਰ ਦੀਆਂ ਬਿਜਲੀ ਦੀਆਂ ਚੁੰਬਕੀ ਤਿਰੰਗਾਂ ਹਨ। ਪ੍ਰਕਾਸ਼ ਕਿਰਣਾਂ ਦੀ ਤੁਲਨਾ ਵਿੱਚ ਇਹਨਾਂ ਤਰੰਗਾਂ ਦੀ ਲੰਬਾਈ ਘੱਟ ਹੁੰਦੀ ਹੈ ਲੇਕਿਨ ਇਹਨਾਂ ਦੀ ਫਰੀਕਿਊਨਸੀ ਬਹੁਤ ਜ਼ਿਆਦਾ ਹੋਣ ਨਾਲ ਇਹ ਸਾਡੇ ਸਾਹ ਨਾਲ ਹੀ ਆਰ-ਪਾਰ ਨਿਕਲ ਜਾਂਦੀ ਹੈ। ਪ੍ਰਕਾਸ਼ ਵੇਗ ਨਾਲ ਚੱਲਣ ਵਾਲੀਆਂ ਇਹ ਕਿਰਣਾਂ ਸਾਨੂੰ ਨੰਗੀਆਂ ਅੱਖਾਂ ਨਾਲ ਦਿਖਾਈ ਨਹੀਂ ਦੇ ਸਕਦੀਆਂ ਹਨ। ਐਕਸ-ਰੇ ਕਿਰਣਾਂ ਇੱਕ ਟਿਊਬ ਵਿੱਚ ਪੈਦਾ ਕੀਤੀਆਂ ਜਾਂਦੀਆਂ ਹਨ। ਟਿਊਬ ਚੋਂ ਹਵਾ ਕੱਢ ਕੇ ਹੇਠਾਂ ਦਬਾਅ ਪੈਦਾ ਕੀਤਾ ਜਾਂਦਾ ਹੈ। ਦਿਸਣ ਵਿੱਚ ਬਲਬ ਵਰਗੀ ਦਿਸਣ ਵਾਲੀ ਇਹ ਟਿਊਬ ਕਠੋਰ ਕੱਚ ਤੋਂ ਤਿਆਰ ਕੀਤੀ ਗਈ ਹੁੰਦੀ ਹੈ।

ਇਸ ਟਿਊਬ ਵਿੱਚ ਦੋ ਇਲਕਟ੍ਰੋਡ ਲੱਗੇ ਹੁੰਦੇ ਹਨ- ਇੱਕ ਧਨਾਤਮਕ ਅਤੇ ਦੂਸਰਾ ਰਿਣਾਤਮਕ। ਜਦ ਇਹਨਾਂ ਇਲਕਟ੍ਰੋਡਾਂ ਦਾ ਸੰਪਰਕ ਬਾਕੀ ਬਿਜਲੀ ਧਾਰਾ ਨਾਲ ਹੁੰਦਾ ਹੈ ਤਾਂ ਰਿਣਾਤਮਕ ਇਲੈਕਟ੍ਰੋਡ ਤੋਂ ਇਲੈਕਟ੍ਰਾਨ ਨਿਕਲਣ ਲੱਗਦੇ ਹਨ। ਜਦ ਇਹ ਧਨਾਤਮਕ ਇਲੈਕਟ੍ਰੋਡ ਦੇ ਟੰਗਸਟਨ ਨਾਮਕ ਪਦਾਰਥ ਨਾਲ ਟਕਰਾਦੇ ਹਨ ਤਾਂ ਐਕਸ ਕਿਰਣਾਂ ਪੈਦਾ ਕਰਦੇ ਹਨ ਜੋ ਟਿਊਬ ਤੋਂ ਬਾਹਰ ਨਿਕਲਦੀਆਂ ਹਨ।

ਐਕਸ ਕਿਰਣਾਂ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਘੱਟ ਘਨਤਵ ਵਾਲੇ ਪਦਾਰਥਾਂ ਵਿੱਚੋਂ ਤਾਂ ਆਰ-ਪਾਰ ਨਿਕਲ ਜਾਂਦੀਆਂ ਹਨ। ਜਦਕਿ ਜ਼ਿਆਦਾ ਘਨਤਵ ਵਾਲੇ ਪਦਾਰਥਾਂ ਵਿੱਚ ਲੀਨ ਹੋ ਜਾਂਦੀਆਂ ਹਨ। ਇਸ ਖ਼ੂਬੀ ਦੀ ਵਜ੍ਹਾ ਨਾਲ ਡਾਕਟਰ ਸਰੀਰ ਦੇ ਵਿਭਿੰਨ ਵਿਕਾਰਾਂ ਦਾ ਪਤਾ ਲਗਾ ਲੈਂਦੇ ਹਨ। ਜਦ ਵੀ ਸਰੀਰ ਦੇ ਕਿਸੇ ਹਿੱਸੇ ਵਿੱਚ ਪੈਦਾ ਹੋਏ ਦੋਸ਼ ਜਾਂ ਵਿਕਾਰ ਦਾ ਪਤਾ ਲਗਾਉਣਾ ਹੁੰਦਾ ਹੈ ਤਾਂ ਉਸ ਤੇ ਐਕਸ ਕਿਰਣਾ ਪਾਈਆਂ ਜਾਂਦੀਆਂ ਹਨ ਅਤੇ ਉਸ ਦੀ ਫੋਟੋ ਇੱਕ ਫਿਲਮ ਤੇ ਲੈ ਲਈ ਜਾਂਦੀ ਹੈ।

ਐਕਸ-ਰੇ ਫਿਲਮ ਵੇਖ ਕੇ ਟੁੱਟੀ ਜਾਂ ਗਲੀ ਹੱਡੀ, ਗੋਲੀ, ਪੱਥਰੀ ਦਾ ਪਤਾ ਲਗਾਇਆ ਜਾ ਸਕਦਾ ਹੈ।

# ਹਾਸਾ ਖੇਡਾ



ਬੇਟਾ : (ਪਿਤਾ ਨੂੰ) ਪਿਤਾ ਜੀ, ਮੈਨੂੰ ਤਿੰਨ ਵਿਸ਼ਿਆਂ ਵਿੱਚ ਇਕੋ ਜਿਹੇ ਨੰਬਰ ਮਿਲੇ ਹਨ।

ਪਿਤਾ : ਬੇਟਾ ਇਹ ਤਾਂ ਬਹੁਤ ਵਧੀਆ ਗੱਲ ਹੈ। ਜਰਾ ਮੈਂ ਵੀ ਤਾਂ ਸੁਣਾ, ਮੇਰੇ ਬੇਟੇ ਨੇ ਇੱਕੋ ਜਿਹੇ ਕਿੰਨੇ ਨੰਬਰ ਪ੍ਰਾਪਤ ਕੀਤੇ ਹਨ?

ਬੇਟਾ : ਪਿਤਾ ਜੀ ਜ਼ੀਰੋ, ਜ਼ੀਰੋ, ਜ਼ੀਰੋ।

---

ਡਾਕਟਰ : ਇਹ ਗੋਲੀ ਢਿੱਡ ਪੀੜ ਲਈ ਅਤੇ ਇਹ ਸਿਰ ਪੀੜ ਲਈ।

ਮਰੀਜ਼ : ਪਰ ਡਾਕਟਰ ਸਾਹਿਬ! ਗੋਲੀਆਂ ਤਾਂ ਢਿੱਡ ਵਿੱਚ ਹੀ ਜਾਣਗੀਆਂ। ਫਿਰ ਉਹਨਾਂ ਨੂੰ ਪਤਾ ਕਿਵੇਂ ਲਗੇਗਾ ਕਿ ਕਿਸ ਨੇ ਕਿਥੇ ਜਾਣਾ ਹੈ?

– ਰਵਨੀਤ

ਮੱਛਰ ਦਾ ਬੱਚਾ ਪਹਿਲੀ ਵਾਰ ਉਡਿਆ। ਜਦ ਵਾਪਿਸ ਆਇਆ ਤਾਂ ਉਸ ਦੇ ਪਿਤਾ ਨੇ ਪੁੱਛਿਆ –

ਕਿਵੇਂ ਲੱਗਾ ਉਡ ਕੇ?

ਬੱਚਾ ਬੋਲਿਆ : ਬਹੁਤ ਅੱਛਾ। ਜਿਧਰ ਵੀ ਗਿਆ ਲੋਕ ਤਾੜੀਆਂ ਵਜਾ ਰਹੇ ਸਨ।

---

ਅਧਿਆਪਕ : ਰਾਜੂ ਦੱਸੋ, ਅੱਜ ਦਾ ਪੇਪਰ ਆਸਾਨ ਸੀ ਜਾਂ ਮੁਸ਼ਕਿਲ ?

ਰਾਜੂ : ਜੀ ਸਰ, ਪੜਨ ਵਿੱਚ ਤਾਂ ਆਸਾਨ ਸੀ। ਪਰ ਕਰਨ ਵਿੱਚ ਮੁਸ਼ਕਿਲ ਸੀ।

– ਸੁਮਿਤ

ਡਾਕਟਰ ਦੇ ਬੰਦ ਕਲੀਨਿਕ ਦੇ ਸਾਹਮਣੇ ਲੰਮੀ ਲਾਇਨ ਲੱਗੀ ਸੀ। ਇੱਕ ਆਦਮੀ ਵਾਰ-ਵਾਰ ਅੱਗੇ ਕਲੀਨਿਕ ਵੱਲ ਜਾਣ ਦੀ ਕੋਸ਼ਿਸ਼ ਕਰਦਾ ਤਾਂ ਲੋਕ ਉਸ ਨੂੰ ਫੜ ਕੇ ਪਿੱਛੇ ਧੱਕ ਦਿੰਦੇ। ਆਖਿਰ ਆਦਮੀ ਬੋਲਿਆ :

ਲਗੇ ਰਹੋ, ਲਾਇਨ ਵਿੱਚ। ਮੈਂ ਵੀ ਕਲੀਨਿਕ ਨਹੀਂ ਖੋਲਾਂਗਾ।

– ਅਨਿਲ ਕੁਮਾਰ

ਡਾਕਟਰ : (ਬੁੱਧੂਰਾਮ ਨੂੰ) ਹੁਣ ਤਬੀਅਤ ਕਿਹੋ ਜਿਹੀ ਹੈ?

ਬੁੱਧੂਰਾਮ : ਪਹਿਲਾਂ ਤੋਂ ਜ਼ਿਆਦਾ ਖਰਾਬ ਹੈ।

ਡਾਕਟਰ : ਦਵਾਈ ਖਾ ਲੀ ਸੀ?

ਬੁੱਧੂਰਾਮ : ਨਹੀਂ, ਦਵਾਈ ਦੀ ਸ਼ੀਸ਼ੀ ਭਰੀ ਹੋਈ ਸੀ।

ਡਾਕਟਰ : ਮੇਰਾ ਮਤਲਬ ਹੈ ਦਵਾਈ ਲਈ ਸੀ?

ਬੁੱਧੂਰਾਮ : ਜੀ, ਆਪ ਨੇ ਦਿੱਤੀ ਅਤੇ ਮੈਂ ਲੈ ਲਈ ਸੀ।

ਡਾਕਟਰ : ਅਰੇ ਭਾਈ! ਦਵਾਈ ਪੀ ਲੀ ਸੀ?

ਬੁੱਧੂਰਾਮ : ਨਹੀਂ ਦਵਾਈ ਤਾਂ ਲਾਲ ਸੀ।

ਡਾਕਟਰ : (ਖਿੱਝ ਕੇ ਗੁੱਸੇ ਨਾਲ) ਦਵਾਈ ਨੂੰ ਪੀ ਲਿਆ ਸੀ?

ਬੁੱਧੂਰਾਮ : ਨਹੀਂ ਪੀਲੀਆ ਤਾਂ ਮੈਨੂੰ ਸੀ।

---

ਮਾਸਟਰ ਜੀ : (ਸੁਮਿਤ ਨੂੰ) ਫੋਰਡ ਕੀ ਹੈ?

ਸੁਮਿਤ : ਗੱਡੀ।

ਮਾਸਟਰ ਜੀ : ਚੰਗਾ ਦੱਸੋ, ਆਕਸਫੋਰਡ ਕੀ ਹੈ?

ਸੁਮਿਤ : ਜੀ, ਬੈਲਗੱਡੀ।

– ਰਾਕੇਸ਼ ਅਰੋੜਾ

ਇੱਕ ਨੌਜਵਾਨ ਕਮਰ ਤੇ ਰੱਸੀ ਬੰਨ੍ਹ ਕੇ ਪਹਾੜ ਤੇ ਚੜ੍ਹਨ ਦੀ ਟ੍ਰੇਨਿੰਗ ਲੈ ਰਿਹਾ ਸੀ। ਉਸ ਨੇ ਆਪਣੇ ਗਾਇਡ ਤੋਂ ਪੁੱਛਿਆ :

ਸਰ, ਰੱਸੀ ਇੱਕਦਮ ਮਜ਼ਬੂਤ ਹੈ ਨਾ ਟੁੱਟੇਗੀ ਤਾਂ ਨਹੀਂ।

ਗਾਇਡ ਬੋਲਿਆ :

ਫਿਕਰ ਨਾ ਕਰੋ, ਸਾਡੇ ਕੋਲ ਰੱਸੀਆਂ ਦੀ ਘਾਟ ਨਹੀਂ ਹੈ।

– ਅਮਿਤ ਕੁਮਾਰ

ਸੋਨੂੰ : (ਮਾਂ ਨੂੰ) ਮਾਂ ਮੈਂ ਆਪਣੀ ਜਮਾਤ ਵਿੱਚ ਤੀਸਰੇ ਸਥਾਨ ਤੇ ਆਇਆ ਹਾਂ।

ਮਾਂ : (ਖੁਸ਼ ਹੋ ਕੇ) ਚੰਗਾ ਇਹ ਤਾਂ ਦੱਸ ਤੇਰੀ ਜਮਾਤ ਵਿੱਚ ਕਿੰਨੇ ਬੱਚੇ ਸਨ?

ਸੋਨੂੰ : ਤਿੰਨ।

---

ਅਧਿਆਪਕ : (ਵਿਦਿਆਰਥੀ ਨੂੰ) ਦੱਸੋ ਸੁਰ ਅਤੇ ਵਿਅੰਜਨ ਵਿੱਚ ਕੀ ਫਰਕ ਹੈ?

ਅਧਿਆਪਕ : ਸਰ, ਸੁਰ ਤਾਂ ਮੂੰਹ ਚੋਂ ਬਾਹਰ ਨਿਕਲਦੇ ਹਨ ਅਤੇ ਵਿਅੰਜਨ ਮੂੰਹ ਦੇ ਅੰਦਰ ਜਾਂਦੇ ਹਨ।

– ਕਿਰਣ ਵਾਲੀਆ

– ਪਰਵੀਨ ਨਿਰੰਕਾਰੀ

## ਇੱਕ ਝਾਂਕੀ

# ਗਣਤੰਤਰ ਦਿਵਸ ਸਮਾਰੋਹ

- ਸੰਨ 1950 ਵਿੱਚ ਆਜਾਦ ਭਾਰਤ ਦੇ ਅੰਤਿਮ ਗਵਰਨਰ ਜਨਰਲ ਚਕਰਵਰਤੀ ਰਾਜ ਗੋਪਾਲਾਚਾਰੀ ਨੇ 26 ਜਨਵਰੀ ਵੀਰਵਾਰ ਨੂੰ ਸਵੇਰੇ ਦਸ ਵਜ ਕੇ ਅਠਾਰਾਂ ਮਿੰਟ ਤੇ ਭਾਰਤ ਨੂੰ ਲੋਕਤੰਤਰਿਕ ਗਣਰਾਜ ਘੋਸ਼ਿਤ ਕੀਤਾ ਅਤੇ ਦਸ ਵੱਜ ਕੇ ਚੌਵੀ ਮਿੰਟ ਤੇ ਬਾਬੂ ਰਾਜਿੰਦਰ ਪ੍ਰਸਾਦ ਨੇ ਦੇਸ਼ ਦੇ ਪਹਿਲੇ ਰਾਸ਼ਟਰਪਤੀ ਹੋਣ ਦਾ ਪ੍ਰਣ ਲਿਆ। ਦਸ ਵੱਜ ਕੇ 30 ਮਿੰਟ ਤੇ ਉਨ੍ਹਾਂ ਨੂੰ ਤੋਪਾਂ ਦੀ ਸਲਾਮੀ ਦਿੱਤੀ ਗਈ। ਸ਼ਾਮ ਨੂੰ ਸਮਾਰੋਹ ਹੋਇਆ।
- ਪਹਿਲਾ ਗਣਤੰਤਰ ਦਿਵਸ 26 ਜਨਵਰੀ 1950 ਨੂੰ ਰਾਜਪਥ ਦੀ ਬਜਾਏ ਇਰਵਿਨ ਸਟੇਡਿਅਮ (ਵਰਤਮਾਨ ਨੈਸ਼ਨਲ ਸਟੇਡੀਅਮ) ਵਿੱਚ ਹੋਇਆ ਸੀ। ਪਰੇਡ ਨੂੰ ਦੇਖਣ ਦੇ ਲਈ 15 ਹਜ਼ਾਰ ਦਰਸ਼ਕ ਜੁਟੇ। ਮੁੱਖ ਮਹਿਮਾਨ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਸੁਕਰਣੋ ਸਨ।
- 1951 ਤੋਂ ਗਣਤੰਤਰ ਦਿਵਸ ਦਾ ਸਮਾਰੋਹ ਕਿੰਗਜ਼-ਵੇ ਮਤਲਬ ਰਾਜਪਥ ਤੇ ਹੋਣਾ ਤੈਹ ਹੋਇਆ। ਉਸ ਸਾਲ ਪਰੇਡ ਗੋਲ ਡਾਕਖਾਨਾ ਤੇ ਖ਼ਤਮ ਹੋਈ ਸੀ।
- 1952 ਤੋਂ ਬੀਟਿੰਗ ਰਿਟ੍ਰੀਟ ਦਾ ਪ੍ਰੋਗਰਾਮ ਸ਼ੁਰੂ ਹੋਇਆ।
- 1953 ਵਿੱਚ ਪਹਿਲੀ ਵਾਰ ਲੋਕ ਨਾਚ ਅਤੇ ਆਤਿਸ਼ਬਾਜ਼ੀ ਵੀ ਇਸ ਵਿਚ ਸ਼ਾਮਿਲ ਹੋਈ।
- 1954 ਵਿੱਚ ਐਨ. ਸੀ. ਸੀ. ਦੀਆਂ ਲੜਕੀਆਂ ਦੇ ਦਲ ਨੇ ਪਹਿਲੀ ਵਾਰ ਗਣਤੰਤਰ ਦਿਵਸ ਸਮਾਰੋਹ ਵਿੱਚ ਹਿੱਸਾ ਲਿਆ।
- 1950 ਤੋਂ 1954 ਤਕ ਗਣਤੰਤਰ ਦਿਵਸ ਸਮਾਰੋਹ ਇਰਵਿਨ ਸਟੇਡਿਅਮ, ਕਿੰਗਜ਼-ਵੇ, ਲਾਲ ਕਿਲਾ ਅਤੇ ਰਾਮਲੀਲਾ ਮੈਦਾਨ ਵਿੱਚ ਹੋਇਆ ਨਾ ਕਿ ਰਾਜਪਥ ਤੇ।
- 1955 ਤੋਂ ਰਾਜਪਥ ਤੇ ਨਿਯਮਤ ਰੂਪ ਵਿੱਚ ਗਣਤੰਤਰ ਦਿਵਸ ਪਰੇਡ ਦੀ ਸ਼ੁਰੂਆਤ ਹੋਈ ਅਤੇ ਵੰਨ-ਸੁਵੰਨੀਆਂ ਝਾਂਕੀਆਂ ਦੀ ਵੀ।
- ਸਾਰੀਆਂ ਝਾਂਕੀਆਂ 8 ਕਿਲੋਮੀਟਰ ਲੰਬਾ ਰਸਤਾ ਤੈਅ ਕਰਦੀਆਂ ਹਨ। ਰਾਏਸੀਨਾ ਹਿਲ ਤੋਂ ਸ਼ੁਰੂ ਹੋ ਕੇ ਰਾਜਪਥ, ਇੰਡੀਆ ਗੇਟ ਤੋਂ ਲੰਘਦੇ ਹੋਏ ਲਾਲ ਕਿਲਾ ਤੱਕ ਜਾਂਦੀਆਂ ਹਨ।
- 1958 ਤੋਂ ਰਾਜਧਾਨੀ ਵਿੱਚ ਸਰਕਾਰੀ ਭਵਨਾਂ ਤੇ ਰੋਸ਼ਨੀ ਕਰਨ ਦੀ ਸ਼ੁਰੂਆਤ ਹੋਈ ਤਾਂ ਸੰਨ 1959 ਤੋਂ ਗਣਤੰਤਰ ਦਿਵਸ ਸਮਾਰੋਹ ਵਿੱਚ ਦਰਸ਼ਕਾਂ ਤੇ ਵਾਯੂਸੈਨਾ ਦੇ ਹੈਲੀਕਾਪਟਰਾਂ ਤੋਂ ਫੁੱਲ ਵਰਸਾਣਾ ਅਤੇ ਸੰਨ 1960 ਵਿੱਚ ਪਹਿਲੀ ਵਾਰ ਬਹਾਦੁਰੀ ਦੇ ਲਈ ਸਨਮਾਨਿਤ ਬੱਚਿਆਂ ਨੂੰ ਹਾਥੀ ਤੇ ਬਿਠਾਇਆ ਗਿਆ।
- ਅਮਰ ਜਵਾਨ ਤੇ ਸੈਨਿਕਾਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਦੀ ਪਰੰਪਰਾ ਸੰਨ 1973 ਵਿੱਚ ਪ੍ਰਧਾਨਮੰਤਰੀ ਇੰਦਰਾ ਗਾਂਧੀ ਨੇ ਸ਼ੁਰੂ ਕੀਤੀ।



# ਸਾਧਾਰਨ ਗਿਆਨ ਪ੍ਰਸ਼ਨੋਤਰੀ



*(ਸਭ ਸਵਾਲਾਂ ਦੇ ਜੁਆਬ 'ਜ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)*

*ਪ੍ਰਸ਼ਨ 1 : ਵਿਸ਼ਵਨਾਥਨ ਆਨੰਦ ਕਿਸ ਖੇਡ ਨਾਲ ਸੰਬੰਧਿਤ ਹੈ?*

*ਪ੍ਰਸ਼ਨ 2 : ਦਿੱਲੀ ਦੀ ਪਹਿਲੀ ਮਹਿਲਾ ਮੁਖਮੰਤਰੀ ਕੌਣ ਸੀ?*

*ਪ੍ਰਸ਼ਨ 3 : ਸੂਰਯਵੰਸ਼ੀ ਰਾਜਾ ਰਘੁ ਦੇ ਪੁੱਤਰ ਦਾ ਕੀ ਨਾਮ ਸੀ?*

*ਪ੍ਰਸ਼ਨ 4 : ਸੂਰਦਾਸ ਨੇ ਆਪਣੀਆਂ ਕਵਿਤਾਵਾਂ ਕਿਸ ਭਾਸ਼ਾ ਵਿਚ ਲਿਖੀਆਂ ਸਨ?*

*ਪ੍ਰਸ਼ਨ 5 : ਉੱਤਰ-ਪ੍ਰਦੇਸ਼ ਦੇ ਕਿਸ ਸ਼ਹਿਰ ਦਾ ਪੁਰਾਣਾ ਨਾਮ ਕਾਨਯਕੁਬਜ਼ ਸੀ?*

*ਪ੍ਰਸ਼ਨ 6 : ਕ੍ਰਿਸਮਿਸ ਤੋਂ ਪਹਿਲੀ ਰਾਤ ਬੱਚਿਆਂ ਵਿਚ ਤੋਹਫੇ ਵੰਡਣ ਵਾਲੇ ਕਿਸ ਸੰਤ ਨੂੰ ਸੰਤ ਨਿਕੋਲਸ ਵੀ ਕਹਿੰਦੇ ਹਨ?*

*ਪ੍ਰਸ਼ਨ 7 : ਬੋਲੀਵੀਆ ਦੇਸ਼ ਦੀ ਰਾਜਧਾਨੀ ਦਾ ਕੀ ਨਾਮ ਹੈ?*

*ਪ੍ਰਸ਼ਨ 8 : ਮੁਸਲਮਾਨਾਂ ਦੇ ਕਾਬਾ ਦੀ ਪਰਿਕ੍ਰਮਾ ਵਾਸਤੇ ਮੱਕੇ ਦੀ ਯਾਤਰਾ ਨੂੰ ਕੀ ਕਹਿੰਦੇ ਹਨ,*

*ਪ੍ਰਸ਼ਨ 9 : ਦੱਖਣੀ ਅਮਰੀਕਾ ਵਿਚ ਸਥਿਤ ਸਭ ਤੋਂ ਲੰਬੀ ਪਰਬਤਮਾਲਾ ਕਿਹੜੀ ਹੈ?*

*ਪ੍ਰਸ਼ਨ 10 : ਮਾਨਵ ਸਰੀਰ ਦੀ ਸਭ ਤੋਂ ਛੋਟੀ ਹੱਡੀ ਦਾ ਕੀ ਨਾਮ ਹੈ?*

*ਪ੍ਰਸ਼ਨ 11 : ਰਾਜਾ ਜਨਕ ਦੇ ਉਸ ਭਰਾ ਦਾ ਕੀ ਨਾਮ ਸੀ ਜਿਸ ਦੀਆਂ ਦੋਵੇਂ ਪੁੱਤਰੀਆਂ ਦਾ ਵਿਆਹ ਭਰਤ ਅਤੇ ਸ਼ਤਰੂਘਨ ਨਾਲ ਹੋਇਆ ਸੀ?*

*ਪ੍ਰਸ਼ਨ 12 : ਸਵਾਮੀ ਦਇਆਨੰਦ ਸਰਸਵਤੀ ਨੇ ਕਿਸ ਸਮਾਜ ਦੀ ਸਥਾਪਨਾ ਕੀਤੀ ਸੀ?*

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

ਚਿੱਤਰਕਾਰ ਅਤੇ ਲੇਖਕ – ਅਜੈ ਕਾਲੜਾ







ਨਹੀਂ, ਨਹੀਂ ਅੱਜ ਮੈਂ ਕੋਈ ਸ਼ਰਾਰਤ ਨਹੀਂ ਕਰਾਂਗੀ। ਚਿੰਟੂ ਨੂੰ ਵੀ ਨਹੀਂ ਸਤਾਵਾਂਗੀ। ਉਂਝ ਵੀ, ਚਿੰਟੂ ਤਾਂ ਆ ਹੀ ਨਹੀਂ ਰਿਹਾ ਸਾਡੇ ਨਾਲ।
ਮੋਟੂੰ ਵੀ ਨਹੀਂ ਹੈ। ਚਲੋ ਅਸੀਂ ਦੋਵੇਂ ਹੀ ਚਲਦੇ ਹਾਂ।
ਮੌਲੀ, ਧਿਆਨ ਨਾਲ ਸੁਣ, ਕੁੱਝ ਅਜਿਹੀਆਂ ਆਵਾਜ਼ਾਂ ਆ ਰਹੀਆਂ ਹਨ ਜਿਵੇਂ ਕੋਈ ਮੁਸੀਬਤ ਵਿੱਚ ਹੈ।


ਉਧਰ ਚਲ ਕੇ ਵੇਖਦੇ ਹਾਂ ਕੁੱਝ ਨਾ ਕੁੱਝ ਗੜਬੜ ਤਾਂ ਹੈ। ਅਰੇ, ਉਹ ਵੇਖੋ। ਕਬੂਤਰ ਜਾਲ ਵਿੱਚ ਫਸੇ ਹਨ।
ਅਰੇ, ਹੁਣ ਕੀ ਕਰਾਂਗੇ, ਅੱਜ ਤਾਂ ਚਿੰਟੂ, ਮੋਟੂ ਵੀ ਨਹੀਂ ਹਨ। ਉਹ ਤਾਂ ਇਸ ਜਾਲ ਨੂੰ ਮਿੰਟਾਂ ਵਿੱਚ ਕੱਟ ਸਕਦੇ ਹਨ।
ਕਿੱਟੀ ਮੈਂ ਸ਼ਿਕਾਰੀ ਦਾ ਧਿਆਨ ਰੱਖਦੀ ਹਾਂ, ਤੂੰ ਛੇਤੀ ਨਾਲ ਚਿੰਟੂ ਨੂੰ ਲੈ ਆ ਜਾਲ ਕੱਟਣ ਲਈ।


ਚਿੰਟੂ, ਚਿੰਟੂ, ਛੇਤੀ ਚਲੋ, ਤੂੰ ਜਾਲ ਕੱਟਣਾ ਹੈ।
ਕਿੱਟੀ ਅੱਜ ਮੈਂ ਤੇਰੀਆਂ ਗੱਲਾਂ ਵਿੱਚ ਨਹੀਂ ਆਊਂਗਾ।
ਚਿੰਟੂ ਮੈਂ ਝੂਠ ਨਹੀਂ ਬੋਲ ਰਹੀ, ਤੂੰ ਮੇਰੀ ਪਿੱਠ ਤੇ ਬੈਠ ਅਤੇ ਫਟਾਫਟ ਚਲ।
ਵਾਹ! ਕਿੱਟੀ ਅੱਜ ਤਾਂ ਤੂੰ ਸੱਚਮੁਚ ਬਹੁਤ ਵਧੀਆ ਕੰਮ ਕੀਤਾ। ਅੱਜ ਸਾਨੂੰ ਸਾਰਿਆਂ ਨੂੰ ਤੇਰੇ ਤੇ ਮਾਣ ਹੋ ਰਿਹਾ ਹੈ।



ਅਜਬ-ਗਜਬ : ਮਿਤਾਲੀ ਜੈਨ

# ਕਦੇ ਵੇਖਿਆ ਹੈ ਅਜਿਹਾ ਰੁੱਖ!

ਕੁਦਰਤ ਦੀ ਸੁੰਦਰਤਾ ਨੂੰ ਸਾਰੇ ਜਾਣਦੇ ਹਨ ਲੇਕਿਨ ਉਸ ਵਿੱਚ ਲੁਕੇ ਭੇਤਾਂ ਨੂੰ ਜਾਣ ਸਕਣਾ ਅਜੇ ਤਕ ਮਨੁੱਖ ਲਈ ਸੰਭਵ ਨਹੀਂ ਹੋ ਸਕਿਆ ਹੈ। ਕੁਦਰਤ ਨੇ ਐਨੀ ਭਿੰਨਤਾਪੂਰਣ ਜੀਵਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਕਿ ਹਰ ਕਿਤੇ ਕੁੱਝ ਨਾ ਕੁੱਝ ਵੱਖਰਾ ਅਤੇ ਅਦਭੁਤ ਦਿਸ ਹੀ ਜਾਂਦਾ ਹੈ। ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਮੰਨੇ ਜਾਣ ਵਾਲੇ ਰੁੱਖ-ਪੌਦੇ ਸਿਰਫ ਸਾਡੇ ਲਈ ਭੋਜਨ ਪਦਾਰਥ ਜਾਂ ਮਿੱਠੇ ਪੀਣ ਵਾਲੇ ਪਦਾਰਥ ਹੀ ਨਹੀਂ ਮੁਹੱਈਆਂ ਕਰਵਾਉਂਦੇ ਬਲਕਿ ਆਪਣੀਆਂ ਵਿਲੱਖਣਤਾਵਾਂ ਤੋਂ ਸਾਨੂੰ ਹੈਰਾਨ ਵੀ ਕਰ ਦਿੰਦੇ ਹਨ। ਅਜਿਹਾ ਹੀ ਇੱਕ ਅਨੋਖਾ ਰੁੱਖ ਹੈ ਡ੍ਰੈਗਨ ਬਲੱਡ ਟ੍ਰੀ। ਤੁਸੀਂ ਇਸ ਦੇ ਨਾਮ ਤੇ ਨਾ ਜਾਉ, ਇਸ ਦਾ ਨਾਮ ਜਿੰਨਾ ਡਰਾਵਣਾ ਹੈ, ਉਹ ਓਨਾ ਹੀ ਸੁੰਦਰ ਹੈ। ਇਸ ਰੁੱਖ ਦੀ ਰਚਨਾ ਹੀ ਇਸ ਦੀ ਖਾਸੀਅਤ ਹੈ। ਇਸ ਨੂੰ ਵੇਖ ਕੇ ਲੱਗਦਾ ਹੈ ਕਿ ਜਿਵੇਂ ਕੁਦਰਤ ਨੇ ਮਨੁੱਖਾਂ ਦੇ ਲਈ ਆਪਣੀ ਛੱਤਰੀ ਖੋਲ ਦਿੱਤੀ ਹੋਵੇ।

ਹਿੰਦ ਮਹਾਂਸਾਗਰ ਵਿੱਚ ਸੋਕੋਟ੍ਰਾ ਦੀਪਸਮੂਹ ਅਤੇ ਪੱਛਮੀ ਮੋਰੱਕੋ ਵਿੱਚ ਮਿਲਣ ਵਾਲਾ ਡ੍ਰੈਗਨ ਬਲੱਡ ਟ੍ਰੀ ਬਹੁਤ ਹੀ ਧੀਮੀ ਗਤੀ ਨਾਲ ਵਿਕਸਿਤ ਹੁੰਦਾ ਹੈ। ਉਂਝ ਇਹ ਸੋਕੋਟ੍ਰਾ ਡ੍ਰੈਗਨ ਟ੍ਰੀ ਅਤੇ ਡ੍ਰੇਕੇਨਾ ਸਿਨਾਬਰੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਡ੍ਰੇਕੇਨਾ ਸਿਨਾਬਰੀ ਦੀ ਸਭ ਤੋਂ ਪਹਿਲੀ ਜਾਣਕਾਰੀ 1835 ਵਿੱਚ ਸੋਕੋਟ੍ਰਾ ਵਿੱਚ ਈਸਟ ਇੰਡੀਆ ਕੰਪਨੀ ਨੂੰ ਇੱਕ ਸਰਵੇਖਣ ਵਿੱਚ ਪ੍ਰਾਪਤ ਹੋਈ, ਜਿਸ ਦੀ ਅਗਵਾਈ ਲੈਫਟੀਨੈਂਟ

ਵੇਲਸਟੇਡ ਨੇ ਕੀਤੀ ਸੀ। ਇਸ ਨੂੰ ਸਭ ਤੋਂ ਪਹਿਲਾਂ ਪੇਟ੍ਰੋਕਾਰਪਸ ਡ੍ਰੇਕੋ ਨਾਮ ਦਿੱਤਾ। ਲੇਕਿਨ 1880 ਵਿੱਚ ਇੱਕ ਸਕਾਟਿਸ਼ ਬਨਸਪਤੀ ਸ਼ਾਸ਼ਤਰੀ ਇਸਹਾਕ ਬੇਲੇ ਬਾਲਫੋਰ ਨੇ ਡ੍ਰੈਗਨ ਟ੍ਰੀ ਦੀ ਵਿਭਿੰਨ ਪ੍ਰਜਾਤੀਆਂ ਵਿਚੋਂ ਇਸਦਾ ਰਸਮੀ ਤੌਰ ਤੇ ਵਰਣਨ ਕੀਤਾ, ਨਾਲ ਹੀ ਉਹਨਾਂ ਨੇ ਇਸ ਦਾ ਨਾਮ ਬਦਲ ਕੇ ਡ੍ਰੇਕੇਨਾ ਸਿਨਾਬਰੀ ਰੱਖਿਆ।

ਡ੍ਰੇਕੇਨਾ ਦੀਆਂ 60 ਤੋਂ 100 ਪ੍ਰਜਾਤੀਆਂ ਦੇ ਵਿਚ ਕੇਵਲ ਛੇ ਪ੍ਰਜਾਤੀਆਂ ਹੀ ਅਜਿਹੀਆਂ ਹਨ, ਜਿਸ ਦਾ ਵਿਕਾਸ ਇੱਕ ਰੁੱਖ ਦੀ ਤਰ੍ਹਾਂ ਹੋਇਆ ਹੈ। ਉਹਨਾਂ ਛੇ ਪ੍ਰਜਾਤੀਆਂ ਵਿਚੋਂ ਡ੍ਰੇਕੇਨਾਂ ਸਿਨਾਬਰੀ ਵੀ ਇੱਕ ਪ੍ਰਜਾਤੀ ਹੈ। ਡ੍ਰੈਗਨ ਬਲੱਡ ਟ੍ਰੀ ਸੋਕੋਟਾ ਦੀਪ ਦਾ ਸਭ ਤੋਂ ਪ੍ਰਸਿੱਧ ਰੁੱਖ ਹੈ। ਇਹ ਡ੍ਰੈਗਨ ਬਲੱਡ ਟ੍ਰੀ ਦਾ ਆਕਾਰ ਹੈ ਜਿਸ ਦੇ ਕਾਰਣ ਉਹ ਘੱਟ ਮਿੱਟੀ ਵਾਲੇ ਖੁਸ਼ਕ ਸਥਾਨਾਂ ਤੇ ਵੀ ਆਸਾਨੀ ਲਾਲ ਵਿਕਸਿਤ ਹੋ ਸਕਦਾ ਹੈ। ਡ੍ਰੈਗਨ ਬਲੱਡ ਟ੍ਰੀ ਦੀਆਂ ਟਹਿਣੀਆਂ ਪੱਕ ਜਾਣ ਤੇ ਖੁਦ ਹੀ ਇੱਕ ਛੱਤਰੀ ਦਾ ਆਕਾਰ ਲੈ ਲੈਂਦੀਆਂ ਹਨ ਅਤੇ ਪੱਤੀਆਂ ਸਹਿਤ ਇਹ ਲਗਭਗ 60 ਸੈਂਟੀਮੀਟਰ ਲੰਮਾ ਅਤੇ 3 ਸੈਂਟੀਮੀਰ ਚੌੜਾ ਹੁੰਦਾ ਹੈ। ਰੁੱਖ ਦਾ ਤਨਾ ਅਤੇ ਉਸ ਦੀਆਂ ਟਹਿਣੀਆਂ ਕਾਫੀ ਮੋਟੀਆਂ ਅਤੇ ਤਾਕਤਵਰ ਹੁੰਦੀਆਂ ਹਨ ਅਤੇ ਹਰੇਕ ਬ੍ਰਾਂਚ ਦੋ ਵਰਗਾਂ ਵਿੱਚ ਵੰਡ ਜਾਂਦੀ ਹੈ। ਇਸ ਰੁੱਖ ਤੇ ਪੱਤੀਆਂ ਕੇਵਲ ਉਸ ਦੀ ਸਭ ਤੋਂ ਘੱਟ ਉਮਰ ਦੀਆਂ ਟਹਿਣੀਆਂ ਦੇ ਆਖਰੀ ਕਿਨਾਰੇ ਤੇ ਮਿਲ ਜਾਂਦੀਆਂ ਹਨ। ਇਸ ਤੇ ਤਿੰਨ ਤੋਂ ਚਾਰ ਸਾਲ ਵਿੱਚ ਨਵੀਆਂ ਪੱਤੀਆਂ ਆਉਂਦੀਆਂ ਹਨ, ਤਦ ਤਕ ਪੁਰਾਣੀਆਂ ਪੱਤੀਆਂ ਪੂਰੀ ਤਰ੍ਹਾਂ ਪਰਿਪੱਕ ਹੋ ਜਾਂਦੀਆਂ ਹਨ ਅਤੇ ਫਿਰ ਇੱਕ ਛੈਡ ਦੀ ਤਰ੍ਹਾਂ ਕੰਮ ਕਰਦੀਆਂ ਹਨ।

ਇਸ ਰੁੱਖ ਤੇ ਫੁੱਲ ਲਗਭਗ ਫਰਵਰੀ ਦੇ ਮਹੀਨੇ ਵਿੱਚ ਆਉਂਦੇ ਹਨ। ਉਂਝ ਇਸ ਰੁੱਖ ਤੇ ਫੁੱਲ ਲੱਗਣ ਦੀ ਕਿਰਿਆ ਉਸ ਸਥਾਨ ਦੇ ਵਾਤਾਵਰਣ ਤੇ ਵੀ ਨਿਰਭਰ ਕਰਦੀ ਹੈ। ਡ੍ਰੈਗਨ ਬਲੱਡ ਟ੍ਰੀ ਦੀਆਂ ਟਹਿਣੀਆਂ ਆਖਰੀ ਕਿਨਾਰੇ ਤੇ ਸਫੈਦ ਅਤੇ ਹਰੇ ਰੰਗ ਦੇ ਸੁਗੰਧਿਤ ਫੁੱਲਾਂ ਦਾ ਗੁੱਛਾ ਲੱਗਦਾ ਹੈ।

ਇਸ ਵਿੱਚ ਛੋਟੇ ਜਾਮੁਨ ਦੇ ਫਲ ਵੀ ਵਿਕਸਿਤ ਹੁੰਦੇ ਹਨ, ਜਿਸ ਵਿੱਚ ਇੱਕ ਤੋਂ ਤਿੰਨ ਬੀਜ਼ ਪਾਏ ਜਾਂਦੇ ਹਨ। ਜਿਵੇਂ ਹੀ ਇਸ ਰੁੱਖ ਤੇ ਫਲ ਲੱਗਣੇ ਸ਼ੁਰੂ ਹੁੰਦੇ ਹਨ ਤਾਂ ਸ਼ੁਰੂਆਤੀ ਚਰਣ ਵਿੱਚ ਉਹ ਹਰੇ ਰੰਗ ਤੋਂ ਬਦਲ ਕੇ ਕਾਲੇ ਹੋ ਜਾਂਦੇ ਹਨ ਅਤੇ ਜਦ ਇਹਨਾਂ ਫਲਾਂ ਦਾ ਪੂਰੀ ਤਰ੍ਹਾਂ ਵਿਕਾਸ ਹੁੰਦਾ ਹੈ ਤਾਂ ਉਹ ਅੰਤ ਵਿੱਚ ਆਰਿੰਜ ਰੰਗ ਵਿੱਚ ਤਬਦੀਲ ਹੋ ਜਾਂਦੇ ਹਨ। ਇਹਨਾਂ ਫਲਾਂ ਨੂੰ ਪੂਰੀ ਤਰ੍ਹਾਂ ਪਰਿਪੱਕ ਹੋਣ ਵਿੱਚ ਲੱਗਭਗ ਪੰਜ ਮਹੀਨੇ ਦਾ ਸਮਾਂ ਲੱਗਦਾ ਹੈ। ਇਹ ਫਲ ਜ਼ਿਆਦਾਤਰ ਪੰਛੀਆਂ ਰਾਹੀਂ ਖਾਧੇ ਜਾਂਦੇ ਹਨ। ਇਸ ਰੁੱਖ ਦੇ ਆਕਾਰ ਦਾ ਛੱਤਰੀ ਵਰਗਾ ਹੋਣ ਦੇ ਪਿੱਛੇ ਕਿਤੇ ਨਾ ਕਿਤੇ ਕਾਰਣ ਇਹ ਪੰਛੀ ਵੀ ਹਨ, ਕਿਉਂਕਿ ਜਦ ਇਹ ਰੁੱਖ ਤੇ ਬੈਠ ਕੇ ਆਪਣੀ ਚੁੰਝ ਦੀ ਸਹਾਇਤਾ ਨਾਲ ਜਾਮੁਨ ਖਾਂਦੇ ਹਨ ਤਾਂ ਇਸ ਦੀਆਂ ਪੱਤੀਆਂ ਵੀ ਤਿਤਰ-ਬਿੱਤਰ ਹੋ ਜਾਂਦੀਆਂ ਹਨ। ਰੁੱਖਾਂ ਦੀ ਇਸ ਸਦਾਬਹਾਰ ਪ੍ਰਜਾਤੀ ਦੇ ਰੁੱਖਾਂ ਨੂੰ ਕੱਟਣ ਤੇ ਖ਼ੂਨ ਦੀ ਤਰ੍ਹਾਂ ਦਾ ਲਾਲ ਰੰਗ ਨਿਕਲਦਾ ਹੈ, ਜਿਸ ਦੇ ਕਾਰਣ ਇਸ ਨੂੰ 'ਡ੍ਰੈਗਨ ਬਲੱਡ ਟ੍ਰੀ' ਨਾਮ ਦਿੱਤਾ ਗਿਆ ਹੈ। ■

### *ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ*

1) ਸ਼ਤਰੰਜ
2) ਸੁਸ਼ਮਾ ਸਵਰਾਜ
3) ਅੱਜ
4) ਬ੍ਰਿਜ
5) ਕਨੌਜ
6) ਸ਼ਾਂਤਾ ਕਲਾਜ
7) ਲਾਪਾਜ
8) ਹੱਜ
9) ਇੰਡੀਜ
10) ਸਟੇਪਿਜ
11) ਕੁਸ਼ਧਵਜ
12) ਆਰੀਆ ਸਮਾਜ

ਕਵਿਤਾ : ਜਸਵਿੰਦਰ ਸ਼ਾਇਰ

# ਧਰਤੀ ਤੇ ਰੁੱਖ ਲਾਉਂਦੇ ਜਾਉ

ਧਰਤੀ ਤੇ ਰੁੱਖ ਲਾਉਂਦੇ ਜਾਉ
ਵਾਤਾਵਰਣ ਨੂੰ ਸ਼ੁੱਧ ਬਣਾਉਂਦੇ ਜਾਉ।

ਕੁਦਰਤ ਦੀ ਇਸ ਦੇਨ ਨੂੰ
ਅਸੀਂ ਹਰ ਹੀਲੇ ਬਚਾਉਣਾ ਹੈ
ਰੁੱਖਾਂ ਨਾਲ ਹੀ ਸਾਡੀ ਜ਼ਿੰਦਗੀ
ਇਹ ਸਭਨਾਂ ਨੂੰ ਸਮਝਾਉਂਣਾ ਹੈ
ਕੁਦਰਤ ਦੀ ਅਨਮੋਲ ਦਾਤ ਨੂੰ ਆਪ ਬਚਾਉ
ਧਰਤੀ...

ਨਿੱਤ ਵੱਧਦਾ ਪ੍ਰਦੂਸ਼ਣ ਅੰਤਾਂ ਦਾ
ਹੁਣ ਸਾਡੇ ਤੋਂ ਰਹਿ ਨਹੀ ਹੋਣਾ
ਸਾਰੇ ਤੜਫਣਗੇ ਛਾਂ ਤੇ ਆਕਸੀਜਨ ਨੂੰ
ਇਹ ਕਹਿਰ ਸਾਡੇ ਤੋਂ ਸਹਿ ਨਹੀ ਹੋਣਾ
ਸਾਰਿਆਂ ਸੁੱਤਿਆਂ ਨੂੰ ਹੁਣ ਤੁਸੀਂ ਜਗਾਉ
ਧਰਤੀ...

ਪਸ਼ੂ ਪੰਛੀਆਂ ਦਾ ਨਹੀਂ ਕੋਈ ਬਸੇਰਾ ਰਹਿਣਾ
ਰੁੱਖਾਂ ਬਾਝੋਂ ਚਾਰ ਚੁਫੇਰੇ ਹਨੇਰਾ ਰਹਿਣਾ
ਇਕ-ਇਕ ਰੁੱਖ ਲਾ ਕੇ ਤੁਸੀਂ ਵੀ,
'ਸ਼ਾਇਰ' ਵਾਂਗੂ ਪੁੰਨ ਕਮਾਉ
ਧਰਤੀ...








# ਮੱਛੀਆਂ ਦਾ ਅਨੋਖਾ ਸੰਸਾਰ

- ਤੜਮਾਸਾ ਨਾਮਕ ਮੱਛੀ ਦੀ ਗਤੀ 100 ਕਿ:ਮੀ: ਪ੍ਰਤੀ ਘੰਟਾ ਹੁੰਦੀ ਹੈ।
- ਕਟਲਫਿਸ਼ ਨਾਮਕ ਮੱਛੀ ਦਾ ਖ਼ੂਨ ਨੀਲਾ ਅਤੇ ਇਸ ਦੇ ਤਿੰਨ ਹਿਰਦੇ ਹੁੰਦੇ ਹਨ।
- ਕਟਲਫਿਸ਼ ਦੁਸ਼ਮਣਾ ਤੋਂ ਆਪਣੀ ਰੱਖਿਆ ਕਰਨ ਲਈ ਪਾਣੀ ਵਿੱਚ ਹਨ੍ਹੇਰਾ ਫੈਲਾਉਣ ਵਾਲੀ ਸਿਆਹੀ ਛੱਡਦੀ ਹੈ।
- ਕ੍ਰਿਪਟੋਟੇਰਸ ਮੱਛੀ ਦਾ ਸਰੀਰ ਪਾਰਦਰਸ਼ੀ ਹੁੰਦਾ ਹੈ।
- ਟਰਬੋਟ ਨਾਮਕ ਮੱਛੀ ਦੀਆ ਦੋਵੇਂ ਅੱਖਾਂ ਜਨਮ ਦੇ ਵਕਤ ਇੱਕ ਪਾਸੇ ਰਹਿੰਦੀਆਂ ਹਨ ਅਤੇ ਬਾਦ ਵਿੱਚ ਇੱਕ ਅੱਖ ਦੂਸਰੇ ਪਾਸੇ ਚਲੀ ਜਾਂਦੀ ਹੈ।
- ਸ਼ਿਮਪ ਨਾਮਕ ਮੱਛੀ ਮਨੁੱਖ ਦੀ ਤਰ੍ਹਾਂ ਖੜੇ ਹੋ ਕੇ ਚਲਦੀ-ਫਿਰਦੀ ਹੈ।
- ਡਿਟ੍ਰੇਮਾ ਮੱਛੀ ਬੱਚੇ ਪੈਦਾ ਕਰਦੀ ਹੈ।
- ਮੈਕਸੀਕੋ ਦੇ ਕੋਲ ਪਾਈ ਜਾਣ ਵਾਲੀ ਮਾਦਾ ਤਲਵਾਰ ਮੱਛੀ ਆਂਡੇ ਦੇਣ ਦੇ ਬਾਦ ਨਰ ਤਲਵਾਰ ਰੁਮੱਛੀ ਵਿੱਚ ਬਦਲ ਜਾਂਦੀ ਹੈ।
- ਪਲੇਸ ਨਾਮਕ ਮੱਛੀ ਇੱਕ ਵਾਰ ਵਿੱਚ ਤਿੰਨ ਲੱਖ ਆਂਡੇ ਦਿੰਦੀ ਹੈ।



- ਬਲਿਊ ਵਹੇਲ ਦਾ ਬੱਚਾ 22 ਮਹੀਨਿਆਂ ਵਿੱਚ 22 ਟਨ ਤੋਂ ਵੀ ਜ਼ਿਆਦਾ ਵਜ਼ਨ ਦਾ ਹੋ ਜਾਂਦਾ ਹੈ।
- ਰੇ ਨਾਮਕ ਮੱਛੀ 350 ਵੋਲਟ ਤਕ ਦੀ ਬਿਜਲੀ ਪੈਦਾ ਕਰ ਸਕਦੀ ਹੈ।
- ਬਲਿਊ ਵਹੇਲ ਦੀ ਲੰਬਾਈ 100 ਫੁੱਟ ਅਤੇ ਚੌੜਾਈ 25 ਫੁੱਟ ਹੁੰਦੀ ਹੈ।
- ਸਮੁੰਦਰੀ ਘੋੜੇ ਦੇ ਸ਼ਿਸ਼ੂ ਪਾਰਦਰਸ਼ੀ ਹੁੰਦੇ ਹਨ।
- ਸਕਿਵਡ ਲਗਭਗ 30 ਟਨ ਵਜਨੀ ਹੱਡੀ ਰਹਿਤ ਜੀਵ ਹੈ ਜੋ ਦੈਤਕਾਰ ਵਹੇਲ ਤਕ ਨਾਲ ਟੱਕਰ ਲੈ ਲੈਂਦੀ ਹੈ।
- ਫਾਇਊਫਿਨ ਨਾਮਕ ਮਾਦਾ ਮੱਛੀ ਆਂਡੇ ਦੇਣ ਦੇ ਬਾਦ ਖੁਦ ਉਹਨਾਂ ਨੂੰ ਖਾ ਜਾਂਦੀ ਹੈ। ਇਸ ਲਈ ਨਰ ਫਾਇਊਫਿਨ ਨੂੰ ਉਸ ਤੋਂ ਇਹਨਾਂ ਆਂਡਿਆਂ ਦੀ ਰੱਖਿਆ ਕਰਨੀ ਪੈਂਦੀ ਹੈ।
- ਗਰਨਰਡ ਮੱਛੀ ਦੀ ਛਾਤੀ ਤੇ ਤਿੰਨ ਉਂਗਲੀਆਂ ਵਰਗੇ ਅੰਗ ਹੁੰਦੇ ਹਨ ਇਹਨਾਂ ਦੀ ਸਹਾਇਤਾ ਨਾਲ ਇਹ ਸਮੁੰਦਰ ਦੀ ਚਿੱਕੜ ਭਰੀ ਥਾਂ ਵਿਚੋਂ ਭੋਜਨ ਖੋਦ ਕੇ ਮੂੰਹ ਵਿੱਚ ਪਾਉਂਦੀ ਹੈ।
- ਮੈਕਸੀਕੋ ਦੀ ਗੁਫਾ ਵਿੱਚ ਪਾਈ ਜਾਣ ਵਾਲੀ 'ਕੇਵ-ਚੈਰਾਸਿਨ' ਮੱਛੀ ਦੇ ਬਚਪਨ ਵਿੱਚ ਤਾਂ ਅੱਖਾਂ ਹੁੰਦੀਆਂ ਹਨ ਪਰ ਬਾਲਗ ਮੱਛੀ ਹਮੇਸ਼ਾਂ ਅੰਨੀ ਹੁੰਦੀ ਹੈ।

ਪੇਸ਼ਕਸ਼ : ਅਰੁਣ ਬੰਸਲ

ਲੇਖ : ਪਰਸ਼ੂਰਾਮ ਸ਼ੁਕਲ



# ਇੱਕ ਅਨੋਖਾ ਜਲ ਪ੍ਰਾਣੀ
# ਸਮੁੰਦਰੀ ਘੋੜਾ

**ਸਮੁੰਦਰੀ ਘੋੜੇ ਵਿੱਚ ਬਹੁਤ ਸਾਰੀਆਂ ਅਜਿਹੀਆਂ ਵਿਸ਼ੇਸ਼ਤਾਵਾਂ ਮਿਲਦੀਆਂ ਹਨ ਜੋ ਕਿਸੇ ਹੋਰ ਮੱਛੀ ਵਿੱਚ ਨਹੀਂ ਹੁੰਦੀਆਂ। ਇਸ ਦਾ ਸਿਰ ਬਾਕੀ ਸਰੀਰ ਦੀ ਸੇਧ ਵਿੱਚ ਨਾ ਹੋ ਕੇ ਸਰੀਰ ਦੇ ਨਾਲ ਨੱਬੇ ਡਿਗਰੀ ਦਾ ਕੋਣ ਬਣਾਉਂਦਾ ਹੋਇਆ ਹੁੰਦਾ ਹੈ ਅਤੇ ਇਹ ਪਾਣੀ ਵਿੱਚ ਸਿੱਧਾ ਖੜਾ ਹੋ ਕੇ ਤੈਰਦਾ ਹੈ। ਇਸ ਦੀਆਂ ਅੱਖਾਂ ਦੀ ਰਚਨਾ ਵੀ ਆਮ ਮੱਛੀਆਂ ਤੋਂ ਭਿੰਨ ਹੁੰਦੀ ਹੈ। ਇਹ ਆਪਣੀ ਅੱਖਾਂ ਨਾਲ ਇੱਕਠੇ ਉਪਰ ਹੇਠਾਂ ਅਤੇ ਸੱਜੇ-ਖੱਬੇ ਵੇਖ ਸਕਦਾ ਹੈ।**

ਸਮੁੰਦਰੀ ਘੋੜਾ ਵਿਸ਼ਵ ਵਿੱਚ ਅਕਸਰ ਮਹਾਂਸਾਗਰਾਂ ਵਿੱਚ ਮਿਲਦਾ ਹੈ। ਇਸ ਦੀਆਂ ਸੋ ਤੋਂ ਵੱਧ ਪ੍ਰਜਾਤੀਆਂ ਹਨ, ਪਰ ਭਾਰਤ ਵਿੱਚ ਕੇਵਲ ਪੰਜ ਪ੍ਰਜਾਤੀਆਂ ਹੀ ਮਿਲਦੀਆਂ ਹਨ। ਇਹ ਕੇਵਲ ਗਰਮੀਆਂ ਦੇ ਮੌਸਮ ਵਿੱਚ ਹੀ ਦਿਖਾਈ ਦਿੰਦਾ ਹੈ। ਸਰਦੀਆਂ ਸ਼ੁਰੂ ਹੁੰਦੇ ਹੀ ਇਹ ਕਿਤੇ ਅਦ੍ਰਿਸ਼ ਹੋ ਜਾਂਦੇ ਹਨ? ਇਸ ਸੰਬੰਧ ਵਿੱਚ ਜੀਵ ਵਿਗਿਆਨਕ ਹੁਣ ਤਕ ਕੋਈ ਪਤਾ ਨਹੀਂ ਲਗਾ ਸਕੇ ਹਨ।

ਸਮੁੰਦਰੀ ਘੋੜੇ ਦੀ ਲੰਬਾਈ ਸਿਰ ਤੋਂ ਲੈ ਕੇ ਪੂਛ ਤਕ 6 ਸੈਂਟੀਮੀਟਰ ਤੋਂ ਲੈ ਕੇ 17 ਸੈਂਟੀਮੀਟਰ ਤਕ ਹੁੰਦੀ ਹੈ ਅਤੇ ਵਜਨ ਪੰਜ ਗ੍ਰਾਮ ਤੋਂ ਲੈ ਕੇ ਪੰਝੀ ਗ੍ਰਾਮ ਤਕ ਹੁੰਦਾ ਹੈ। ਇਸ ਦੀ ਚਮੜੀ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਇਹ ਜਦ ਚਾਹੇ ਗਿਰਗਿਟ ਦੀ ਤਰ੍ਹਾਂ ਆਪਣਾ ਰੰਗ ਬਦਲ ਸਕਦਾ ਹੈ। ਇਸ ਨਾਲ ਇਹ ਆਪਣੇ ਦੁਸ਼ਮਣਾ ਨੂੰ ਧੋਖਾ ਦੇਣ ਵਿੱਚ ਸਫਲ ਹੋ ਜਾਂਦਾ ਹੈ। ਸਮੁੰਦਰੀ ਘੋੜੇ ਦੀ ਪਿੱਠ ਤੇ ਇੱਕ ਖੰਭ ਹੁੰਦਾ ਹੈ, ਜਿਸ ਦੀ ਸਹਾਇਤਾ ਨਾਲ ਇਹ ਪਾਣੀ ਵਿੱਚ ਹੌਲੀ-ਹੌਲੀ ਤੈਰਦਾ ਹੈ। ਤੈਰਦੇ ਸਮੇਂ ਇਸ ਦਾ ਖੰਭ ਐਨੀ ਤੇਜ਼ੀ ਨਾਲ ਹਿਲਦਾ ਹੈ ਕਿ ਦਿਖਾਈ ਵੀ ਨਹੀਂ ਦਿੰਦਾ।

ਸਮੁੰਦਰੀ ਘੋੜੇ ਦਾ ਮੁੱਖ ਭੋਜਨ ਪਾਣੀ ਦੇ ਬਹੁਤ ਹੀ ਛੋਟੇ ਕੀੜੇ-ਮਕੌੜੇ ਆਦਿ ਹਨ। ਇਹ ਆਪਣਾ ਭੋਜਨ ਚਬਾਉਂਦਾ ਨਹੀਂ ਹੈ ਬਲਕਿ ਅਗਲੇ ਹਿੱਸੇ ਵਿੱਚ ਸਥਿਤ ਛੋਟੇ ਜਿਹੇ ਮੂੰਹ ਵਿੱਚ ਚੂਸ ਕੇ ਖਾਂਦਾ ਹੈ। ਇਸ ਦੀ ਪਤਲੀ ਅਤੇ ਲੰਮੀ ਪੂਛ ਇਸ ਨੂੰ ਤੈਰਨ ਵਿੱਚ ਮਦਦ ਕਰਦੀ ਹੈ। ਇਸ ਦੀ ਸਹਾਇਤਾ ਨਾਲ ਇਹ ਸਮੁੰਦਰੀ ਘਾਹ, ਸ਼ੈਵਾਲਿਆਂ, ਸਪੰਜਾਂ ਆਦਿ ਨਾਲ ਚਿਪਕ ਕੇ ਆਰਾਮ ਵੀ ਕਰ ਲੈਂਦਾ ਹੈ। ਸਮੁੰਦਰੀ ਘੋੜਾ ਮੱਛੀ ਪਰਿਵਾਰ ਦਾ ਇੱਕ ਅਨੋਖਾ ਪ੍ਰਾਣੀ ਹੈ। ਇਸ ਦਾ ਮੂੰਹ ਵੇਖਣ ਵਿੱਚ ਘੋੜੇ ਵਰਗਾ ਲੱਗਦਾ ਹੈ। ਇਸ ਲਈ ਇਸ ਨੂੰ ਸਮੁੰਦਰੀ ਘੋੜਾ ਕਹਿੰਦੇ ਹਨ।

ਇਹ ਵਿਸ਼ਵ ਦਾ ਇੱਕਮਾਤਰ ਅਜਿਹਾ ਜੀਵ ਹੈ ਜੋ ਬੇਬੀ ਸੇਕਣ ਦਾ ਕੰਮ ਮਾਦਾ ਨਹੀਂ ਇੱਕਲੇ ਨਰ ਸਮੁੰਦਰੀ ਘੋੜਾ ਕਰਦਾ ਹੈ। ਨਰ ਸਮੁੰਦਰੀ ਘੋੜੇ ਦੇ ਪੇਟ ਦੇ ਕੋਲ ਇੱਕ ਭਰੂਣਦਾਨੀ ਹੁੰਦੀ ਹੈ ਜਿਸ ਵਿੱਚ ਮਾਦਾ ਆਂਡੇ ਦਿੰਦੀ ਹੈ। ਨਰ ਸਮੁੰਦਰੀ

ਘੋੜਾ ਆਪਣੀ ਭਰੂਣਦਾਨੀ ਵਿੱਚ ਆਂਡੇ ਗ੍ਰਹਿਣ ਕਰ ਲੈਣ ਦੇ ਬਾਦ ਆਂਡਿਆਂ ਨੂੰ ਸੇਕਦਾ ਹੈ।

ਆਂਡਿਆਂ ਦਾ ਵਿਕਾਸ ਅਤੇ ਬੱਚਿਆਂ ਦਾ ਜਨਮ ਭਰੂਣਦਾਨੀ ਵਿੱਚ ਹੀ ਹੁੰਦਾ ਹੈ। ਇਸ ਕਾਰਜ ਵਿੱਚ ਲਗਭਗ ਪੰਜਤਾਲੀ ਦਿਨ ਦਾ ਸਮਾਂ ਲੱਗਦਾ ਹੈ। ਆਂਡਿਆਂ ਵਿੱਚ ਬੱਚੇ ਪਨਪਦੇ ਹੀ ਉਸ ਨੂੰ ਪ੍ਰਸੂਤੀ ਪੀੜ ਹੋਣ ਲੱਗਦੀ ਹੈ। ਹੁਣ ਉਹ ਆਪਣੀ ਮੁੜੀ ਹੋਈ ਪੂਛ ਦੀ ਸਹਾਇਤਾ ਨਾਲ ਕਿਸੇ ਸਮੁੰਦਰੀ ਬਨਸਪਤੀ ਨਾਲ ਲਿਪਟ ਜਾਂਦਾ ਹੈ ਅਤੇ ਆਪਣੇ ਸਰੀਰ ਨੂੰ ਅੱਗੇ ਪਿੱਛੇ ਹਿਲਾਉਂਦਾ ਹੈ। ਸਮੁੰਦਰੀ ਘੋੜੇ ਦੇ ਅੱਗੇ-ਪਿੱਛੇ ਹੋਣ ਨਾਲ ਭਰੂਣਦਾਨੀ ਦਾ ਛੋਟਾ ਜਿਹਾ ਮੂੰਹ ਖੁਲ ਜਾਂਦਾ ਹੈ ਅਤੇ ਉਸ ਵਿਚੋਂ ਇੱਕ-ਇੱਕ ਕਰਕੇ ਨਵਜਾਤ ਬੱਚੇ ਬਾਹਰ ਆ ਜਾਂਦੇ ਹਨ। ਇਹ ਕਿਰਿਆ ਤਦ ਤਕ ਚਲਦੀ ਹੈ ਜਦ ਤਕ ਕਿ ਪੂਰੀ ਭਰੂਣਦਾਨੀ ਖਾਲੀ ਨਾ ਹੋ ਜਾਏ। ਆਮਤੌਰ ਤੇ ਇੱਕ ਭਰੂਣਦਾਨੀ ਵਿੱਚ ਪੰਜਾਹ ਆਂਡਿਆਂ ਨੂੰ ਪੋਸ਼ਣ ਕਰਨ ਦੀ ਸਮਰੱਥਾ ਹੁੰਦੀ ਹੈ।

ਸਮੁੰਦਰੀ ਘੋੜੇ ਦੇ ਬੱਚੇ ਜਨਮ ਦੇ ਸਮੇਂ ਪੂਰੀ ਤਰ੍ਹਾਂ ਪਾਰਦਰਸ਼ੀ ਹੁੰਦੇ ਹਨ ਅਤੇ ਉਹਨਾਂ ਦੇ ਅੰਦਰ ਦੇ ਅੰਗ ਬਾਹਰ ਤੋਂ ਸਾਫ ਦਿਖਾਈ ਦਿੰਦੇ ਹਨ। ਜਿਵੇਂ-ਜਿਵੇਂ ਇਹਨਾਂ ਦਾ ਵਿਕਾਸ ਹੁੰਦਾ ਹੈ ਇਹਨਾਂ ਦੇ ਉਪਰ ਹੱਡੀਆਂ ਦਾ ਇੱਕ ਕਵੱਚ ਜਿਹਾ ਚੜ੍ਹ ਜਾਂਦਾ ਹੈ। ਇਹਨਾਂ ਦੇ ਸਰੀਰ ਤੇ ਇੱਕ ਥੈਲੀ ਹੁੰਦੀ ਹੈ। ਇਸ ਦੀ ਸਹਾਇਤਾ ਨਾਲ ਇਹ ਤੈਰਨ ਦਾ ਯਤਨ ਕਰਦੇ ਹਨ। ਇਹ ਵੀ ਕੁਦਰਤ ਦੀ ਅਨੋਖੀ ਦੇਣ ਹੈ। ਇਹ ਥੈਲੀ ਬਹੁਤ ਸੰਵੇਦਨਸ਼ੀਲ ਹੁੰਦੀ ਹੈ ਜੇਕਰ ਇਸ ਵਿਚੋਂ ਹਵਾ ਦਾ ਇੱਕ ਵੀ ਬੁਲਬੁਲਾ ਨਿਕਲ ਜਾਏ ਤਾਂ ਇਸਦਾ ਸੰਤੁਲਨ ਵਿਗੜ ਜਾਂਦਾ ਹੈ ਅਤੇ ਇਹ ਡੁਬ ਕੇ ਸਾਗਰ ਤਲ ਵਿੱਚ ਜਾ ਕੇ ਬੈਠ ਜਾਂਦੇ ਹਨ।

ਸਮੁੰਦਰੀ ਘੋੜੇ ਦੇ ਬੱਚੇ ਸਾਗਰ ਦੇ ਜਲ ਦਾ ਸਪਰਸ਼ ਪਾਉਂਦੇ ਹੀ ਤੇਜ਼ੀ ਨਾਲ ਵੱਧਦੇ ਹਨ ਅਤੇ ਦੋ-ਤਿੰਨ ਮਹੀਨਿਆਂ ਦੇ ਅੰਦਰ ਪੂਰੀ ਤਰ੍ਹਾਂ ਵਿਕਸਿਤ ਸਮੁੰਦਰੀ ਘੋੜੇ ਦੇ ਰੂਪ ਵਿੱਚ ਆ ਜਾਂਦੇ ਹਨ।

ਪੇਸ਼ਕਸ਼ : ਵਿਭਾ ਵਰਮਾ


# ਡੱਡੂ ਤਰ੍ਹਾਂ-ਤਰ੍ਹਾਂ ਦੇ

ਬੱਚਿਓ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਡੱਡੂ ਦੇ ਸਿੰਗ ਵੀ ਹੁੰਦੇ ਹਨ। ਸਿੰਗ ਵਾਲੇ ਡੱਡੂ ਜ਼ਿਆਦਾਤਰ ਬ੍ਰਾਜ਼ੀਲ ਵਿੱਚ ਮਿਲਦੇ ਹਨ। ਇਹਨਾਂ ਦੀਆਂ ਅੱਖਾਂ ਦੇ ਉਪਰ ਦੋ ਸਿੰਗ ਹੁੰਦੇ ਹਨ। ਇਹ ਬਹੁਤ ਹੀ ਜ਼ਹਿਰੀਲਾ ਹੁੰਦਾ ਹੈ। ਇਸ ਦੀ ਆਵਾਜ਼ ਵੀ ਕੁੱਤੇ ਦੇ ਭੌਂਕਣ ਦੀ ਆਵਾਜ਼ ਵਰਗੀ ਹੁੰਦੀ ਹੈ। ਉਥੋਂ ਦੀ ਭਾਸ਼ਾ ਵਿੱਚ ਇਸ ਨੂੰ 'ਕੁੱਤਾ ਡੱਡੂ' ਵੀ ਕਹਿੰਦੇ ਹਨ।

ਇਸੇ ਤਰ੍ਹਾਂ ਅਫਰੀਕਾ ਵਿੱਚ ਮਿਲਣ ਵਾਲਾ ਡੱਡੂ ਦੁਸ਼ਮਣ ਤੋਂ ਬਚਾਅ ਲਈ ਬੜੇ ਹੀ ਅਜ਼ੀਬ ਤਰੀਕੇ ਅਪਨਾਉਂਦਾ ਹੈ। ਇਥੋਂ ਦੇ ਡੱਡੂ ਦੇ ਪੇਟ ਦਾ ਰੰਗ ਸੁਰਖ ਲਾਲ ਹੁੰਦਾ ਹੈ। ਦੁਸ਼ਮਣ ਤੋਂ ਲੁਕਣ ਲਈ ਇਹ ਉਲਟਾ ਹੋ ਜਾਂਦਾ ਹੈ।

ਕੁੱਝ ਡੱਡੂ ਐਨੇ ਛੋਟੇ ਹੁੰਦੇ ਹਨ ਕਿ ਮੱਖੀ ਵਰਗੇ ਲੱਗਦੇ ਹਨ। ਜੇਕਰ ਪੰਜ ਡੱਡੂਆਂ ਦਾ ਵਜਨ ਕੀਤਾ ਜਾਏ ਤਾਂ ਕੁਲ ਵਜਨ ਇੱਕ ਗ੍ਰਾਮ ਹੁੰਦਾ ਹੈ। ਅਜਿਹੇ ਡੱਡੂ ਕਿਊਬਾ ਵਿੱਚ ਬਹੁਤ ਪਾਏ ਜਾਂਦੇ ਹਨ। ਕਈ ਡੱਡੂਆਂ ਦਾ ਵਜਨ ਲਗਭਗ ਸਵਾ ਪੌਂਡ ਹੁੰਦਾ ਹੈ। ਇਸ ਦੀ ਪ੍ਰਜਾਤੀ ਦੱਖਣੀ ਅਮਰੀਕਾ ਵਿੱਚ ਪਾਈ ਜਾਂਦੀ ਹੈ। ਇਹ ਆਕਾਰ ਵਿੱਚ ਆਮ ਡੱਡੂ ਤੋਂ ਦੋਗੁਣਾ ਤੋਂ ਤਿੰਨਗੁਣਾ ਵੀ ਹੁੰਦਾ ਹੈ।

ਡੱਡੂ ਦੀ ਇੱਕ ਪ੍ਰਜਾਤੀ ਤਾਂ ਕਾਫੀ ਵੱਡੀ ਹੁੰਦੀ ਹੈ। ਇਸ ਦੀ ਲੰਬਾਈ ਤਿੰਨ ਸਾਢੇ ਤਿੰਨ ਫੁੱਟ ਹੁੰਦੀ ਹੈ ਅਤੇ ਇਹਨਾਂ ਦਾ ਵਜਨ ਹੁੰਦਾ ਹੈ 6 ਤੋਂ 7 ਕਿਲੋ ਤਕ। ਇਹ ਪੱਛਮੀ ਅਫਰੀਕਾ ਵਿੱਚ ਮਿਲਦਾ ਹੈ।



*ਕਹਾਣੀ : ਰਾਜੇਸ਼ ਚੌਧਰੀ*

# ਤਿੰਨ ਗੱਲਾਂ



ਕਿਸੇ ਪਿੰਡ ਵਿੱਚ ਇੱਕ ਸ਼ਿਕਾਰੀ ਰਹਿੰਦਾ ਸੀ। ਉਹ ਹਰ ਰੋਜ਼ ਜੰਗਲ ਵਿੱਚ ਜਾਂਦਾ ਅਤੇ ਪੰਛੀਆਂ ਨੂੰ ਫੜਦਾ। ਇੱਕ ਦਿਨ ਸ਼ਿਕਾਰੀ ਜੰਗਲ ਵਿੱਚ ਬਹੁਤ ਦੇਰ ਤੱਕ ਭਟਕਦਾ ਰਿਹਾ ਪਰ ਉਸ ਨੂੰ ਕੋਈ ਪੰਛੀ ਨਹੀਂ ਮਿਲਿਆ। ਉਹ ਨਿਰਾਸ ਮਨ ਨਾਲ ਪਿੰਡ ਵੱਲ ਵਾਪਸ ਆਉਣ ਲੱਗਾ।

ਕੁੱਝ ਚੱਲਣ ਤੇ ਸ਼ਿਕਾਰੀ ਸੋਚਣ ਲੱਗਾ ਕਿ ਅੱਜ ਤਾਂ ਲੱਗਦਾ ਹੈ ਪੂਰਾ ਦਿਨ ਬੇਕਾਰ ਹੋ ਜਾਏਗਾ। ਹੁਣ ਤਕ ਕੋਈ ਸ਼ਿਕਾਰ ਨਹੀਂ ਮਿਲਿਆ। ਜਾਣੇ ਅੱਜ ਕੀ ਹੋਵੇਗਾ। ਉਹ ਥਕਾਨ ਮਿਟਾਉਣ ਲਈ ਰੁੱਖ ਦੇ ਹੇਠਾਂ ਪੈਰ ਪਸਾਰ ਕੇ ਲੇਟ ਗਿਆ।

ਅਜੇ ਉਹ ਲੇਟਿਆ ਹੀ ਸੀ ਕਿ ਉਸ ਦੀ ਨਜ਼ਰ ਰੁੱਖ ਤੇ ਬੈਠੀ ਇੱਕ ਸੁੰਦਰ ਚਿੜੀ ਤੇ ਪਈ। ਸ਼ਿਕਾਰੀ ਨੇ ਬਿਨਾ ਵਕਤ ਗਵਾਏ ਚਿੜੀ ਤੇ ਜਾਲ ਸੁੱਟ ਕੇ ਉਸ ਨੂੰ ਫੜ ਲਿਆ।

ਚਿੜੀ ਜਾਲ ਵਿੱਚ ਫਸ ਗਈ ਅਤੇ ਸ਼ਿਕਾਰੀ ਖੁਸ਼ ਹੋ ਗਿਆ। ਚਿੜੀ ਨੇ ਕਿਹਾ- ਮੈਨੂੰ ਛੱਡ ਦਿਉ, ਮੈਂ ਜੀਵਨ ਭਰ ਤੁਹਾਡਾ ਅਹਿਸਾਨ ਮੰਨਾਗੀ। ਲੇਕਿਨ ਸ਼ਿਕਾਰੀ ਨੇ ਉਸ ਦੀ ਗੱਲ ਤੇ ਧਿਆਨ ਨਹੀਂ ਦਿੱਤਾ। ਚਿੜੀ ਨੇ ਫਿਰ ਬੇਨਤੀ ਕੀਤੀ ਤਾਂ ਸ਼ਿਕਾਰੀ ਨੇ ਕਿਹਾ- ਤੈਨੂੰ ਇਸ ਲਈ ਥੋੜਾ ਫੜਿਆ ਸੀ ਕਿ ਫਿਰ ਛੱਡ ਦੇਵਾਂ। ਉਂਝ ਵੀ ਅੱਜ ਇੱਕ ਵੀ ਸ਼ਿਕਾਰ ਹੱਥ ਨਹੀਂ ਆਇਆ।

ਚਿੜੀ ਨੇ ਹਾਰ ਮੰਨੀ ਅਤੇ ਕੁੱਝ ਸੋਚ ਕੇ ਸ਼ਿਕਾਰੀ ਨੂੰ ਕਿਹਾ- ਵੇਖੋ ਜੇਕਰ ਤੁਸੀਂ ਮੈਨੂੰ ਛੱਡ ਦਿਉਗੇ ਤਾਂ ਮੈਂ ਤੁਹਾਨੂੰ ਤਿੰਨ ਗੱਲਾਂ ਦੱਸਾਂਗੀ। ਸ਼ਿਕਾਰੀ ਨੇ ਕਿਹਾ - ਕਿਹੜੀਆਂ ਤਿੰਨ ਗੱਲਾਂ?

ਚਿੜੀ ਨੇ ਕਿਹਾ - ਬੜੇ ਕੰਮ ਦੀਆਂ ਤਿੰਨ ਗੱਲਾਂ। ਉਹਨਾਂ ਤਿੰਨਾਂ ਗੱਲਾਂ ਨੂੰ ਜਾਣ ਕੇ ਤੁਹਾਨੂੰ ਜੀਵਨ ਵਿੱਚ ਬਹੁਤ ਲਾਭ ਮਿਲੇਗਾ। ਮੈਂ ਸੱਚ ਕਹਿ ਰਹੀ ਹਾਂ।

ਸ਼ਿਕਾਰੀ ਬੋਲਿਆ- ਜਾਨ ਬਚਾਉਣ ਦੀ ਚੰਗੀ ਕੋਸ਼ਿਸ਼ ਹੈ ਜੇਕਰ ਮੈਂ ਤੇਰੀ ਗੱਲ ਨਾ ਮੰਨਾ ਅਤੇ ਤੈਨੂੰ ਨਾ ਛੱਡਾਂ, ਤਾਂ?

ਚਿੜੀ ਨੇ ਕਿਹਾ - ਵੇਖੋ ਇਸ ਵਿੱਚ ਤੁਹਾਡਾ ਹੀ ਫਾਇਦਾ ਹੈ। ਜੇਕਰ ਤੁਸੀਂ ਮੈਨੂੰ ਮਾਰ ਦਿਉਗੇ ਤਾਂ ਉਹ ਤਿੰਨ ਗੱਲਾਂ ਮੇਰੇ ਨਾਲ ਹੀ ਚਲੀਆਂ ਜਾਣਗੀਆਂ ਅਤੇ ਤੁਸੀਂ ਜੀਵਨ ਭਰ ਪਛਤਾਉਗੇ ਕਿ ਤੁਸੀਂ ਮੇਰੀ ਗੱਲ ਕਿਉਂ ਨਹੀਂ ਮੰਨੀ?

ਸ਼ਿਕਾਰੀ ਚਿੜੀ ਦੀ ਗੱਲ ਸੁਣ ਕੇ ਸੋਚ ਵਿੱਚ ਪੈ ਗਿਆ ਅਤੇ ਬੋਲਿਆ- ਤੇਰੇ ਤੇ ਮੈਂ ਕਿਵੇਂ ਵਿਸ਼ਵਾਸ ਕਰਾਂ? ਜੇਕਰ ਮੈਂ ਤੈਨੂੰ ਛੱਡ ਦਿੱਤਾ ਤਾਂ ਹੋ ਸਕਦਾ ਹੈ ਤੂੰ ਮੈਨੂੰ ਧੋਖਾ ਦੇਵੇ ਅਤੇ ਮੌਕਾ ਪਾ ਕੇ ਉਡ ਜਾਵੇਂ।

ਚਿੜੀ ਨੇ ਕਿਹਾ ਤੁਹਾਡੇ ਕੋਲ ਕੋਈ ਚਾਰਾ ਵੀ ਤਾਂ ਨਹੀਂ ਹੈ। ਜੇਕਰ ਉਹ ਗੱਲਾਂ ਜਾਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਮੇਰੇ ਤੇ ਵਿਸ਼ਵਾਸ ਤਾਂ ਕਰਨਾ ਹੀ ਪਏਗਾ। ਯਕੀਨ ਦਿਵਾਉਂਦੀ ਹਾਂ ਕਿ ਮੈਂ ਤਹਾਨੂੰ ਧੋਖਾ ਨਹੀਂ ਦੇਵਾਂਗੀ। ਬਸ ਕੁੱਝ ਸ਼ਰਤਾਂ ਜ਼ਰੂਰ ਰੱਖਾਂਗੀ।

ਸ਼ਿਕਾਰੀ ਨੇ ਕਿਹਾ- ਹੁਣ ਇਹ ਸ਼ਰਤਾਂ ਵਾਲੀ ਗੱਲ ਕਿਥੋਂ ਆ ਗਈ? ਇਹ ਕੀ ਚੱਕਰ ਹੈ? ਚਲੋ ਠੀਕ ਹੈ। ਦੱਸੋ ਕੀ-ਕੀ ਸ਼ਰਤਾਂ ਹਨ ਤੇਰੀਆਂ?

ਚਿੜੀ ਨੇ ਕਿਹਾ - ਪਹਿਲੀ ਗੱਲ ਮੈਂ ਤੁਹਾਡੇ ਖੱਬੇ ਮੋਢੇ ਤੇ ਬੈਠ ਕੇ ਦੱਸਾਂਗੀ। ਦੂਸਰੀ ਗੱਲ ਉਸ ਦੀਵਾਰ ਤੇ ਬੈਠ ਕੇ ਅਤੇ ਤੀਸਰੀ ਗੱਲ ਸਾਹਮਣੇ ਵਾਲੇ ਰੁੱਖ ਦੀ ਟਹਿਣੀ ਤੇ ਬੈਠ ਕੇ ਦੱਸਾਂਗੀ। ਜੇਕਰ ਤੁਸੀਂ ਤਿੰਨੇ ਗੱਲਾਂ ਆਪਣੇ ਜੀਵਨ ਵਿੱਚ ਇਸਤੇਮਾਲ ਕਰੋਗੇ ਤਾਂ ਯਕੀਨ ਜਾਣੋ ਬਹੁਤ ਵੱਡੇ ਆਦਮੀ ਬਣ ਜਾਉਗੇ।

ਸ਼ਿਕਾਰੀ ਨੇ ਕਿਹਾ - ਸੱਚ! ਕੀ ਤੂੰ ਮੈਨੂੰ ਵੱਡਾ ਆਦਮੀ ਬਣਨ ਦਾ ਰਾਜ ਦੱਸ ਰਹੀ ਹੈ? ਅਰਥਾਤ ਮੇਰੇ ਕੋਲ ਬਹੁਤ ਸਾਰਾ ਧਨ ਆ ਜਾਏਗਾ।

ਚਿੜੀ ਨੇ ਕਿਹਾ - ਹਾਂ! ਮੈਂ ਤੁਹਾਨੂੰ ਜ਼ਿੰਦਗੀ ਦੇ ਡੂੰਘੇ ਰਾਜ ਦੱਸਣ ਜਾ ਰਹੀ ਹਾਂ ਜੋ ਤੁਹਾਨੂੰ ਜ਼ਿੰਦਗੀ ਤੇ ਚੱਲਣ ਦੀ ਰਾਹ ਦੱਸਣਗੇ।

ਸ਼ਿਕਾਰੀ ਨੇ ਚਿੜੀ ਨੂੰ ਮੋਢੇ ਤੇ ਬੈਠਾ ਲਿਆ। ਫਿਰ ਚਿੜੀ ਨੇ ਕਿਹਾ - ਜੀਵਨ ਵਿੱਚ ਅਜਿਹੀ ਗੱਲ ਤੇ ਕਦੇ ਵੀ ਵਿਸ਼ਵਾਸ ਨਾ ਕਰੋ, ਜੋ ਅਸੰਭਵ ਹੋਵੇ। ਫਿਰ ਉਹ ਗੱਲ ਚਾਹੇ ਕਿਸੇ ਨੇ ਵੀ ਕਹੀ ਹੋਵੇ।

ਚਿੜੀ ਨੇ ਪਹਿਲੀ ਗੱਲ ਦੱਸੀ ਅਤੇ ਫੁਰ ਨਾਲ ਉਡ ਗਈ। ਚਿੜੀ ਸ਼ਰਤ ਦੇ ਅਨੁਸਾਰ ਸਾਹਮਣੇ ਦੀਵਾਰ ਤੇ ਜਾ ਬੈਠੀ। ਸ਼ਿਕਾਰੀ ਨੇ ਉਸ ਨੂੰ ਦੂਸਰੀ ਗੱਲ ਦੱਸਣ ਲਈ ਕਿਹਾ।

ਚਿੜੀ ਨੇ ਕਿਹਾ - ਜੋ ਚੀਜ਼ ਹੱਥੋਂ ਨਿਕਲ ਜਾਏ ਉਸ ਦੇ ਲਈ ਨਾ ਪਛਤਾਉ।

ਐਨਾ ਕਹਿ ਕੇ ਚਿੜੀ ਬੋਲੀ- ਹੁਣ ਮੈਂ ਤੁਹਾਨੂੰ ਰਾਜ ਦੀ ਗੱਲ ਦੱਸਦੀ ਹਾਂ। ਮੇਰੇ ਢਿੱਡ ਵਿੱਚ ਅੱਧਾ ਕਿਲੋ ਵਜ਼ਨ ਦਾ ਹੀਰਾ ਹੈ। ਜੇਕਰ ਤੂੰ ਮੈਨੂੰ ਮਾਰ ਦਿੰਦਾ ਤਾਂ ਉਹ ਤੈਨੂੰ ਮਿਲ ਜਾਦਾਂ ਤਾਂ ਤੂੰ ਲੱਖਪਤੀ ਹੋ ਜਾਂਦਾ।

ਸ਼ਿਕਾਰੀ ਨੇ ਕਿਹਾ- ਕੀ ਕਿਹਾ? ਤੇਰੇ ਢਿਡ ਵਿੱਚ ਹੀਰਾ ਹੈ?


ਸ਼ਿਕਾਰੀ ਨੇ ਰੋਣਾ ਸ਼ੁਰੂ ਕਰ ਦਿੱਤਾ - ਹਾਏ ਮੈਂ ਲੁੱਟ ਗਿਆ। ਇਹ ਮੈਂ ਕੀ ਕੀਤਾ? ਕਾਸ਼! ਮੈਂ ਤੈਨੂੰ ਪਹਿਲਾਂ ਹੀ ਮਾਰ ਦਿਤਾ ਹੁੰਦਾ ਤਾਂ ਉਹ ਹੀਰਾ ਮੈਨੂੰ ਮਿਲ ਜਾਂਦਾ।

ਚਿੜੀ ਬੈਠੀ-ਬੈਠੀ ਸਾਰਾ ਨਜ਼ਾਰਾ ਵੇਖ ਰਹੀ ਸੀ। ਚਿੜੀ ਨੇ ਕਿਹਾ - ਮੂਰਖ ਹੁਣੇ ਦੱਸਿਆ ਸੀ ਨਾ ਕਿ ਜੋ ਚੀਜ਼ ਹੱਥੋਂ ਨਿਕਲ ਜਾਏ, ਉਸ ਦੇ ਲਈ ਨਾ ਪਛਤਾਉ। ਉਸ ਤੋਂ ਪਹਿਲਾਂ ਵੀ ਦੱਸਿਆ ਸੀ ਕਿ ਜੋ ਸੰਭਵ ਨਹੀਂ, ਉਸ ਤੇ ਵਿਸ਼ਵਾਸ ਨਾ ਕਰੋ। ਬੇਵਕੂਫ! ਮੇਰਾ ਵਜਨ 500 ਗ੍ਰਾਮ ਵੀ ਨਹੀਂ ਹੈ ਫਿਰ ਮੇਰੇ ਢਿੱਡ ਵਿੱਚ ਅੱਧਾ ਕਿਲੋ ਹੀਰਾ ਕਿਥੋਂ ਆ ਜਾਏਗਾ?

ਚਿੜੀ ਦੀਆਂ ਗੱਲਾਂ ਸੁਣ ਕੇ ਸ਼ਿਕਾਰੀ ਚੌਂਕ ਪਿਆ। ਉਹ ਚਿੜੀ ਦੇ ਸਾਹਮਣੇ ਹੱਥ ਜੋੜ ਕੇ ਬੋਲਿਆ- ਹਾਂ! ਮੈਂ ਭੁੱਲ ਗਿਆ ਸੀ ਲੇਕਿਨ ਹੁਣ ਅਜਿਹੀ ਭੁੱਲ ਨਹੀਂ ਕਰਾਂਗਾ।

ਚਿੜੀ ਨੇ ਕਿਹਾ - ਤੀਸਰੀ ਗੱਲ ਦੱਸਣ ਦਾ ਕੀ ਫਾਇਦਾ ਜਦ ਤੂੰ ਮੇਰੀਆਂ ਦੋਵਾਂ ਗੱਲਾਂ ਤੇ ਅਮਲ ਨਹੀਂ ਕਰ ਸਕਿਆ ਤਾਂ ਤੀਸਰੀ ਗੱਲ ਕੀ ਮੰਨੇਗਾ? ਇਸ ਲਈ ਹੁਣ ਤੇਰੀ ਸਜਾ ਇਹੀ ਹੈ ਕਿ ਮੈਂ ਬਿਨਾ ਤੀਸਰੀ ਗੱਲ ਦੱਸੇ ਇਥੋਂ ਜਾ ਰਹੀ ਹਾਂ।





ਲੇਖ : ਕਮਲ ਜੈਨ

# ਤਿਰੰਗਾ

## ਭਾਰਤ ਦੀ ਸ਼ਾਨ



ਹਰ ਸਾਲ 15 ਅਗਸਤ ਅਤੇ 26 ਜਨਵਰੀ ਨੂੰ ਸਾਡੇ ਰਾਸ਼ਟਰੀ ਝੰਡੇ ਤਿਰੰਗੇ ਨੂੰ ਸਰਕਾਰੀ ਅਤੇ ਗੈਰਸਰਕਾਰੀ ਇਮਾਰਤਾਂ ਤੇ ਬੜੀ ਸ਼ਾਨ ਅਤੇ ਮਾਣ ਦੇ ਨਾਲ ਫਹਿਰਾਇਆ ਜਾਂਦਾ ਹੈ। ਝੰਡੇ ਵਿੱਚ ਸਭ ਤੋਂ ਉਪਰ ਕੇਸਰੀ ਰੰਗ ਤਿਆਗ ਅਤੇ ਬਲੀਦਾਨ ਦਾ ਪ੍ਰਤੀਕ ਹੈ। ਵਿੱਚਕਾਰਲਾ ਸਫੈਦ ਰੰਗ ਸ਼ਾਂਤੀ, ਅਹਿੰਸਾ ਅਤੇ ਪ੍ਰੇਮ ਭਾਵਨਾ ਦਾ ਪ੍ਰਤੀਕ ਹੈ। ਝੰਡੇ ਦਾ ਤੀਸਰਾ ਹਰਾ ਰੰਗ ਵੀਰਤਾ, ਵਿਸ਼ਵਾਸ ਅਤੇ ਖੇਤੀਬਾੜੀ ਪ੍ਰਦਾਨ ਦੇਸ਼ ਦਾ ਪ੍ਰਤੀਕ ਹੈ। ਝੰਡੇ ਦੀ ਵਿੱਚਕਾਰਲੀ ਪੱਟੀ ਤੇ ਬਣਿਆ ਚੱਕਰ ਨਿਰੰਤਰ ਅੱਗੇ ਵੱਧਦੇ ਰਹਿਣ ਦਾ ਪ੍ਰਤੀਕ ਹੈ।

ਸਾਡਾ ਰਾਸ਼ਟਰੀ ਝੰਡਾ ਕਰੀਬ ਸੌ ਸਾਲ ਪੁਰਾਣਾ ਹੈ। ਸੰਨ 1907 ਵਿੱਚ ਇਸ ਨੂੰ ਜਰਮਨੀ ਦੇ ਬਰਲਿਨ ਸ਼ਹਿਰ ਵਿੱਚ ਇੱਕ ਆਮ ਸਭਾ ਵਿੱਚ ਆਪਣੇ ਵਿਚਾਰ ਪ੍ਰਗਟ ਕਰਨ ਤੋਂ ਪਹਿਲਾਂ ਮੈਡਮ ਭੀਕਾਜੀ ਕਾਮਾ ਨੇ ਫਹਿਰਾਇਆ ਸੀ ਅਤੇ ਇਸ ਨੂੰ ਉਹਨਾਂ ਨੇ ਆਪਣੀ ਕਲਪਨਾ ਦੇ ਮੁਤਾਬਿਕ ਹੀ ਬਣਾਇਆ ਸੀ। ਹਾਂ ਇਹ ਝੰਡਾ ਅੱਜ ਦੀ ਤਰ੍ਹਾਂ ਨਹੀਂ ਸੀ। ਇਸ ਵਿੱਚ ਲਾਲ, ਪੀਲੀ ਅਤੇ ਹਰੀ ਤਿੰਨ ਤਿਰਛੀਆਂ ਧਾਰੀਆਂ ਸਨ। ਸਭ ਤੋਂ ਉਪਰ ਧਾਰੀ ਵਿੱਚ ਕਮਲ ਦਾ ਫੁੱਲ ਅਤੇ ਸੱਤ ਸਿਤਾਰੇ ਬਣੇ ਹੋਏ ਸਨ। ਵਿਚਕਾਰਲੀ ਪੀਲੀ ਧਾਰੀ ਵਿੱਚ 'ਵੰਦੇਮਾਤਰਮ' ਲਿਖਿਆ ਹੋਇਆ ਸੀ ਅਤੇ ਸਭ


ਤੋਂ ਹੇਠਾਂ ਹਰੀ ਧਾਰੀ ਵਿੱਚ ਸੂਰਜ, ਚੰਦਰਮਾ ਅਤੇ ਇੱਕ ਤਾਰਾ ਬਣਿਆ ਹੋਇਆ ਸੀ। ਮੈਡਮ ਕਾਮਾ ਨੇ ਇਸ ਝੰਡੇ ਨੂੰ ਭਾਰਤ ਵਿਚੋਂ ਅੰਗ੍ਰੇਜ਼ੀ ਸ਼ਾਸਨ ਨੂੰ ਉਖਾੜ ਸੁੱਟਣ ਲਈ ਬਣਾਇਆ ਸੀ ਤਾਂਕਿ ਇਸ ਝੰਡੇ ਦੇ ਹੇਠਾਂ ਹਿੰਦੁਸਤਾਨੀਆਂ ਦੀ ਏਕਤਾ ਬਣੀ ਰਹੇ ਅਤੇ ਅੰਗ੍ਰਜ਼ਾਂ ਨਾਲ ਡਟ ਕੇ ਮੁਕਾਬਲਾ ਕਰ ਸਕਣ। ਇਸ ਝੰਡੇ ਦਾ ਸਾਰੇ ਹਿੰਦੁਸਤਾਨੀਆਂ ਨੇ ਤਹਿ ਦਿਲ ਤੋਂ ਸੁਆਗਤ ਕੀਤਾ ਅਤੇ ਇਸੇ ਦੀ ਬਦੌਲਤ ਅੰਦੋਲਨ ਕਰਨ ਦੀਆਂ ਗੁਪਚੁਪ ਯੋਜਨਾਵਾਂ ਦੇਸ਼-ਵਿਦੇਸ਼ ਵਿੱਚ ਬਣਨ ਲੱਗੀਆਂ।

22 ਅਗਸਤ, 1917 ਵਿੱਚ ਹੋਮਰੂਲ ਅੰਦੋਲਨ ਦੇ ਦੌਰਾਨ ਲੋਕਮਾਨਯ ਬਾਲ ਗੰਗਾਧਰ ਤਿਲਕ ਅਤੇ ਸ਼੍ਰੀਮਤੀ ਏਨੀਬੇਸੇਂਟ ਨੇ ਇੱਕ ਹੋਰ ਝੰਡਾ ਬਣਾਇਆ। ਇਸ ਨਵੇਂ ਝੰਡੇ ਵਿੱਚ ਪੰਜ ਲਾਲ ਅਤੇ ਚਾਰ ਹਰੇ ਰੰਗ ਦੀਆਂ ਪੱਟੀਆਂ ਸਨ। ਇਸ ਦੇ ਵਿੱਚ ਸੁਰਖ ਲਾਲ ਰੰਗ ਦੇ ਸਿਤਾਰੇ ਬਣੇ ਸਨ। ਸੱਜੇ ਪਾਸੇ ਚੰਨ੍ਹ ਤਾਰੇ ਅਤੇ ਖੱਬੇ ਪਾਸੇ ਇੰਗਲੈਂਡ ਦਾ ਝੰਡਾ ਯੂਨੀਯਨ ਜੈਕ ਬਣਿਆ ਸੀ। ਕਿਉਂਕਿ ਇਸ ਝੰਡੇ ਵਿੱਚ 'ਯੂਨੀਯਨ ਜੈਕ' ਸੀ। ਇਸ ਕਾਰਣ ਉਸ ਸਮੇਂ ਦੇਸ਼ ਦੇ ਚਰਚਿਤ ਨੇਤਾਵਾਂ ਨੇ ਇਸ ਦਾ ਵਿਰੋਧ ਕੀਤਾ ਅਤੇ ਇਸ ਦੇ ਖਿਲਾਫ਼ ਨੇਤਾਂਵਾਂ ਨੇ ਕਾਲੇ ਵਸਤਰ ਪਾ ਕੇ ਮੌਨ ਜਲੂਸ ਕੱਢੇ। ਬਾਦ ਵਿੱਚ ਮਹਾਤਮਾ ਗਾਂਧੀ ਨੇ ਇਸ ਝੰਡੇ ਦੇ ਮਾਮਲੇ ਨੂੰ ਨਵਾਂ ਮੋੜ ਦਿੰਦੇ ਹੋਏ ਪੰਜਾਬ ਦੇ ਲਾਲਾ ਹੰਸਰਾਜ ਨੂੰ ਇੱਕ ਝੰਡਾ ਬਣਾਉਣ ਲਈ ਕਿਹਾ। ਹਾਂ, ਲਾਲਾ ਹੰਸਰਾਜ ਨੇ ਜੋ ਝੰਡਾ ਬਣਾਇਆ ਉਸ ਵਿੱਚ ਲਾਲ ਅਤੇ ਹਰੇ ਰੰਗ ਦੀਆਂ ਦੋ ਪੱਟੀਆਂ ਸਨ ਜੋ ਹਿੰਦੂ, ਮੁਸਲਿਮ ਏਕਤਾ ਦੀ ਪ੍ਰਤੀਕ ਸਨ। ਇਸ ਝੰਡੇ ਨੂੰ ਗੰਭੀਰਤਾ ਨਾਲ ਵੇਖਣ ਦੇ ਬਾਦ ਗਾਂਧੀ ਜੀ ਨੇ ਇਸ ਵਿੱਚ ਕੁੱਝ ਪਰਿਵਰਤਨ ਕੀਤਾ। ਇਸ ਝੰਡੇ ਵਿੱਚ ਸ਼ਾਂਤੀ ਦੇ ਪ੍ਰਤੀਕ ਸਫੈਦ ਰੰਗ ਦੀ ਇੱਕ ਪੱਟੀ ਜੋੜਨ ਦੀ ਸਲਾਹ ਦਿੱਤੀ। ਇਸ ਤਰ੍ਹਾਂ ਝੰਡਾ ਤਿਰੰਗਾ ਹੋ ਗਿਆ। ਕੁੱਝ ਕਾਂਗਰਸੀ ਨੇਤਾਵਾਂ ਦੇ ਸੁਝਾਅ ਤੇ ਝੰਡੇ ਦੀ ਸਫੈਦ ਪੱਟੀ ਵਿੱਚ ਚਰਖੇ ਨੂੰ ਵੀ ਸ਼ਾਮਿਲ ਕਰ ਦਿੱਤਾ ਗਿਆ। ਇਸ ਝੰਡੇ ਨੂੰ 4 ਜੁਲਾਈ, 1922 ਨੂੰ ਅਹਿਮਦਾਬਾਦ ਦੇ ਕਾਂਗਰਸ ਦੇ ਸੈਸ਼ਨ ਵਿੱਚ ਫਹਿਰਾਇਆ ਗਿਆ। ਲਾਲ ਅਤੇ ਹਰੇ ਰੰਗ ਨੂੰ ਮਜਹਬ ਨਾਲ ਜੋੜਨ ਦੇ ਕਾਰਣ ਇਸ ਝੰਡੇ ਦਾ ਜਮ ਕੇ ਵਿਰੋਧ ਹੋਇਆ।



ਰਾਸ਼ਟਰੀ ਝੰਡੇ ਦੇ ਵਿਸ਼ੇ ਵਿੱਚ ਕਈ ਵਿਵਾਦ ਚਲਦੇ ਰਹੇ। 13 ਮਾਰਚ, 1931 ਵਿੱਚ ਰਾਸ਼ਟਰ ਝੰਡਾ ਨਿਰਮਾਣ ਵਾਸਤੇ ਸੱਤ ਮੈਂਬਰਾਂ ਦੀ ਇੱਕ ਸਪੈਸ਼ਲ ਕਮੇਟੀ ਬਣਾਈ ਗਈ। ਇਸ ਕਮੇਟੀ ਨੇ ਵਿਰੋਧਾਂ ਅਤੇ ਸੁਝਾਵਾਂ ਤੇ ਗੰਭੀਰਤਾ ਨਾਲ ਵਿਚਾਰ ਕਰਨ ਦੇ ਬਾਦ ਰਾਸ਼ਟਰੀ ਝੰਡੇ ਵਿੱਚ ਕੁੱਝ ਸੁਧਾਰ ਕੀਤਾ। ਨਾਲ ਹੀ ਰੰਗਾਂ ਦੀ ਨਵੀਂ ਵਿਵਸਥਾ ਵੀ ਕੀਤੀ ਗਈ। ਨਵੇਂ ਝੰਡੇ ਵਿੱਚ ਲਾਲ ਰੰਗ ਦੀ ਥਾਂ ਤੇ ਬਲੀਦਾਨ ਅਤੇ ਤਿਆਗ ਦੇ ਪ੍ਰਤੀਕ ਕੇਸਰੀ ਰੰਗ ਨੂੰ ਸਭ ਤੋਂ ਉਪਰ ਰੱਖਿਆ। ਸ਼ਾਂਤੀ ਦੇ ਪ੍ਰਤੀਕ ਸਫੈਦ ਰੰਗ ਨੂੰ ਵਿੱਚ ਅਤੇ ਤੀਸਰੇ ਹਰੇ ਰੰਗ ਨੂੰ ਵਿਸ਼ਵਾਸ ਅਤੇ ਵੀਰਤਾ ਦਾ ਪ੍ਰਤੀਕ ਮੰਨਿਆ। ਝੰਡੇ ਵਿੱਚ ਚਰਖੇ ਨੂੰ ਹਟਾ ਕੇ ਧਰਮਚੱਕਰ ਨੂੰ ਸ਼ਾਮਿਲ ਕੀਤਾ ਗਿਆ। ਇਸ ਨੂੰ ਸਾਰਨਾਥ ਸਥਿਤ ਅਸ਼ੋਕ ਦੀ ਲਾਟ ਤੋਂ ਲਿਆ ਗਿਆ।

15 ਅਗਸਤ, 1947 ਨੂੰ ਜਦ ਸਾਡਾ ਦੇਸ਼ ਆਜ਼ਾਦ ਹੋਇਆ ਤਾਂ ਲਾਲ ਕਿਲੇ ਤੇ ਇਸ ਝੰਡੇ ਨੂੰ 'ਆਜ਼ਾਦੀ' ਦਾ ਪ੍ਰਤੀਕ ਦੇ ਰੂਪ ਵਿੱਚ ਅਪਾਰ ਖੁਸ਼ੀ ਦੇ ਨਾਲ ਫਹਿਰਾਇਆ ਗਿਆ ਸੀ। ਬਾਦ ਵਿੱਚ ਝੰਡੇ ਨੂੰ ਆਜ਼ਾਦ ਭਾਰਤ ਦੇ ਰਾਸ਼ਟਰੀ ਝੰਡੇ ਦੇ ਰੂਪ ਵਿੱਚ ਸਵੀਕਾਰ ਕਰ ਲਿਆ ਗਿਆ। ਇਹ ਇੱਕ ਵੱਖਰੀ ਗੱਲ ਹੈ ਕਿ ਤਿਰੰਗਾ ਖਾਦੀ ਦਾ ਹੀ ਬਣਾਇਆ ਜਾਂਦਾ ਹੈ। ਇਸ ਝੰਡੇ ਦਾ ਅਪਮਾਨ ਕਰਨ ਵਾਲਿਆਂ ਦੇ ਖਿਲਾਫ ਕਾਨੂੰਨੀ ਕਾਰਵਾਈ ਵੀ ਕੀਤੀ ਜਾਂਦੀ ਹੈ।



ਪ੍ਰੇਰਕ-ਪ੍ਰਸੰਗ : ਨੀਲਮ

# ਗਾਂਧੀ ਜੀ ਦੀਆਂ ਸਾਰਥਕ ਗੱਲਾਂ

ਗਾਂਧੀ ਜੀ ਸਾਦਗੀ ਅਤੇ ਸਵੈ-ਨਿਰਭਰਤਾ ਤੇ ਵਿਸ਼ਵਾਸ ਰੱਖਦੇ ਸਨ। ਬਾਹਰੀ ਤੜਕ-ਭੜਕ ਅਤੇ ਥੋਥੇ ਆਡੰਬਰਾਂ ਤੋਂ ਉਹਨਾਂ ਨੂੰ ਸਖਤ ਘ੍ਰਿਣਾ ਸੀ। ਇੱਕ ਪੈਸੇ ਦੀ ਬਰਬਾਦੀ ਨੂੰ ਵੀ ਉਹ ਦੇਸ਼ ਦਾ ਨੁਕਸਾਨ ਮੰਨਦੇ ਸਨ। ਨੋਆਖਲੀ ਦੀ ਯਾਤਰਾ ਵਿੱਚ ਪਿੰਡਾਂ ਦੀਆਂ ਔਰਤਾਂ ਅਤੇ ਮਰਦ ਉਹਨਾਂ ਦਾ ਬਹੁਤ ਸੁਆਗਤ ਕਰਦੇ ਸਨ। ਕਦੇ ਤਿਲਕ ਕਰਕੇ ਅਤੇ ਕਦੇ ਤਾੜ ਦੇ ਪੱਤਿਆਂ ਨਾਲ ਪਿੰਡ ਨੂੰ ਸਜਾ ਕੇ। ਬਾਪੂ ਨੂੰ ਇਸ ਵਿੱਚ ਕੋਈ ਇਤਰਾਜ਼ ਨਹੀਂ ਹੁੰਦਾ ਸੀ ਪ੍ਰੰਤੂ ਇੱਕ ਵਾਰ ਦੇਵੀਪੁਰ ਪਿੰਡ ਵਿੱਚ ਫੁੱਲ, ਜਰੀ, ਰੇਸ਼ਮ ਦੀਆਂ ਪੱਟੀਆਂ, ਲਾਲ-ਪੀਲੇ ਕਾਗਜ ਵਗੈਰਾ ਮੰਗਵਾ ਕੇ ਪਿੰਡ ਨੂੰ ਸਜਾਇਆ ਅਤੇ ਘਿਉ-ਤੇਲ ਦੇ ਦੀਵੇ ਵੀ ਜਗਾਏ ਗਏ। ਇਹ ਸਜਾਵਟ ਵੇਖ ਕੇ ਬਾਪੂ ਗੰਭੀਰ ਹੋ ਗਏ। ਉਹਨਾਂ ਨੇ ਪੁੱਛਿਆ ਕਿ ਇਸ ਸਜਾਵਟ ਲਈ ਪੈਸੇ ਕਿਥੋਂ ਆਏ?


ਕੁੱਝ ਲੋਕਾਂ ਨੇ ਜਵਾਬ ਦਿੱਤਾ ਕਿ ਲੋਕਾਂ ਤੋਂ ਚੰਦਾ ਇੱਕਠਾ ਕਰਕੇ ਇਹ ਸਜਾਵਟ ਕੀਤੀ ਹੈ। ਇਸ ਤੇ ਬਾਪੂ ਬੋਲੇ- ਇਹ ਸਜਾਵਟ ਇੱਕ ਪਲਭਰ ਵਿੱਚ ਕੁਮਲਾ ਜਾਏਗੀ। ਇਹ ਸਭ ਫਿਜ਼ੂਲਖਰਚੀ ਹੈ। ਇਸ ਨਾਲ ਤਾਂ ਮੈਨੂੰ ਇਹ ਲੱਗਦਾ ਹੈ ਕਿ ਮੇਰੀਆਂ ਗੱਲਾਂ ਨੂੰ ਤੁਸੀਂ ਅਪਨਾ ਨਹੀਂ ਰਹੇ ਹੋ। ਜਿੰਨੇ ਫੁੱਲਾਂ ਦੇ ਤੁਸੀਂ ਹਾਰ ਪਹਿਨਾਏ ਹਨ, ਉਹਨਾਂ ਦੀ ਬਜਾਏ ਜੇਕਰ ਸੂਤ ਦੇ ਹਾਰ ਪਾਉਂਦੇ ਤਾਂ ਉਹ ਬਾਦ ਵਿੱਚ ਕੱਪੜਾ ਬਣਾਉਣ ਦੇ ਕੰਮ ਵੀ ਆਉਂਦੇ, ਫਿਜ਼ੂਲ ਨਹੀਂ ਜਾਂਦੇ। ਮੈਂ ਤਾਂ ਐਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਮੇਰੀ ਦ੍ਰਿਸ਼ਟੀ ਵਿੱਚ ਇਹ ਸਭ ਫਿਜ਼ੂਲਖਰਚੀ ਅਤੇ ਪੈਸੇ ਦੀ ਬਰਬਾਦੀ ਹੈ। ਤੁਹਾਡੇ ਤੋਂ ਮੈਨੂੰ ਆਪਣੇ ਸਾਰੇ ਕਾਰਜਕਰਤਿਆਂ ਦਾ ਅੰਦਾਜ਼ਾ ਹੁੰਦਾ ਹੈ ਕਿ ਜੋ ਕਾਰਜਕਰਤਾ ਇੱਕ ਦਿਨ ਲੋਕਾਂ ਦੇ ਸੇਵਕਾਂ ਦੇ ਨਾਮ ਨਾਲ ਜਾਣੇ ਜਾਂਦੇ ਸਨ ਉਹਨਾਂ ਨੂੰ ਜੇਕਰ ਲੋਕ ਅਹੁਦੇ ਤੇ ਬਿਠਾਉਣ ਤਾਂ ਇੰਝ ਹੀ ਫੁੱਲਾਂ ਦੇ ਹਾਰ ਪਾਉਣ-ਪੁਵਾਉਣ ਦੇ ਲਾਲਚ ਵਿੱਚ ਕਿਤੇ ਡਿਗਣ ਨਾ ਲੱਗਣ।

ਹਾਂ, ਗਾਂਧੀ ਦੀ ਇਹ ਗੱਲ ਅੱਜ ਵੀ ਕਿੰਨੀ ਖਰੀ ਉਤਰਦੀ ਹੈ।

ਗਾਂਧੀ ਜੀ ਦੇ ਜੀਵਨ ਦੀ ਇਹ ਇੱਕ ਵੱਖਰੀ ਪ੍ਰੇਰਕ ਘਟਨਾ ਹੈ। ਅਹਿਮਦਾਬਾਦ ਵਿਚ ਗੁਜਰਾਤ ਵਿਦਿਆਪੀਠ ਦੀ ਸਥਾਪਨਾ ਹੋਈ। ਸਵਾਲ ਇਹ ਉਠਿਆ ਕਿ ਦਲਿਤਾਂ ਨੂੰ ਇਸ ਵਿੱਚ ਦਾਖਲਾ ਦਿੱਤਾ ਜਾਵੇ ਜਾਂ ਨਹੀਂ। ਵਿਦਿਆਪੀਠ ਦੇ ਰੈਗੂਲੇਟਰ ਮੰਡਲ ਵਿੱਚ ਅਜਿਹੇ ਲੋਕ ਸਨ ਜੋ ਅਛੂਤਤਾ ਦੇ ਹਾਮੀ ਸਨ ਅਤੇ ਇਸ ਸੁਧਾਰ ਲਈ ਤਿਆਰ ਨਹੀਂ ਸਨ। ਇਸ ਅਨਿਸਚਿਤ ਸਵਾਲ ਨੂੰ ਲੈ ਕੇ ਮੈਂਬਰ ਗਾਂਧੀ ਜੀ ਦੇ ਕੋਲ ਗਏ। ਉਹਨਾਂ ਨੇ ਦਲਿਤਾਂ ਨੂੰ ਜ਼ਰੂਰੀ ਤੌਰ ਤੇ ਦਾਖਲਾ ਦਿਤੇ ਜਾਣ ਤੇ ਜ਼ੋਰ ਦਿੱਤਾ। ਇਸ ਗੱਲ ਦੀ ਚਰਚਾ ਸਾਰੇ ਗੁਜਰਾਤ ਵਿੱਚ ਹੋਣ ਲੱਗੀ। ਉਚ ਵਰਗ ਦੇ ਧਨਾਢਾ ਨੇ ਗਾਂਧੀ ਜੀ ਨੂੰ ਕਿਹਾ ਕਿ ਰਾਸ਼ਟਰੀ ਸਿਖਿਆ ਦਾ ਕਾਰਜ ਬੜਾ ਧਰਮ ਦਾ ਕਾਰਜ ਹੈ। ਉਹ ਉਸ ਵਿੱਚ ਜਿੰਨੀ ਧਨਰਾਸ਼ੀ ਗਾਂਧੀ ਜੀ ਕਹਿਣ, ਦੇਣ ਲਈ ਤਿਆਰ ਹਨ ਪਰ ਦਲਿਤਾਂ ਦੇ ਸਵਾਲ ਨੂੰ ਇਸ ਤੋਂ ਦੂਰ ਰੱਖਣਾ ਚਾਹੀਦਾ ਹੈ।

ਗਾਂਧੀ ਜੀ ਨੇ ਜੋ ਉਤਰ ਦਿੱਤਾ ਉਹ ਬਹੁਤ ਮਹੱਤਵਪੂਰਣ ਹੈ। ਉਹਨਾਂ ਨੇ ਕਿਹਾ ਕਿ - ਵਿਦਿਆਪੀਠ ਨਿਧੀ ਦੀ ਗੱਲ ਤਾਂ ਵੱਖਰੀ ਹੈ, ਕੱਲ ਜੇਕਰ ਕੋਈ ਮੈਨੂੰ ਅਛੂਤਤਾ ਕਾਇਮ ਰੱਖਣ ਦੀ ਸ਼ਰਤ ਤੇ ਹਿੰਦੁਸਤਾਨ ਦਾ ਸਵਰਾਜ ਵੀ ਦਏ ਤਾਂ ਮੈਂ ਨਹੀਂ ਲਵਾਂਗਾ।

ਇਸੇ ਤਰ੍ਹਾਂ ਸੰਪਰਦਾਇਕਤਾ ਦੇ ਜ਼ਹਿਰ ਨੂੰ ਵੀ ਉਹ ਲਗਾਤਾਰ ਦੂਰ ਕਰਨ ਵਿੱਚ ਲੱਗੇ ਰਹੇ। ਉਹਨਾਂ ਨੇ ਇਹ ਅਨੁਭਵ ਕੀਤਾ ਕਿ ਸਾਡੇ ਦੇਸ਼ ਵਿੱਚ ਜੋ ਵਿਭਿੰਨ ਧਰਮਾਂ ਨੂੰ ਮੰਨਣ ਵਾਲੇ ਲੋਕ ਰਹਿੰਦੇ ਹਨ ਉਹਨਾਂ ਸਾਰਿਆਂ ਵਿੱਚ ਏਕਤਾ ਦੀ ਭਾਵਨਾ ਦੀ ਲੋੜ ਹੈ। ਹਿੰਦੂ ਅਤੇ ਮੁਸਲਮਾਨ ਭਾਰਤੀ ਸਮਾਜ ਦੇ ਮੁੱਖ ਅੰਗ ਹਨ। ਇਹਨਾਂ ਦੋਵਾਂ ਦੇ ਮਜ਼ਬੂਤ ਹੋਣ ਨਾਲ ਹੀ ਸਮਾਜ ਮਜ਼ਬੂਤ ਹੋ ਸਕਦਾ ਹੈ। ਅਜਿਹਾ ਉਹ ਮੰਨਦੇ ਸਨ।



ਬਾਲ ਕਹਾਣੀ - ਅਮਨਪ੍ਰੀਤ ਸਿੰਘ

# ਕਬਜ਼ਾ ਬਾਂਦਰਾਂ ਦਾ

ਸੁੰਦਰਵਨ ਜੰਗਲ ਬਹੁਤ ਹੀ ਪਿਆਰਾ ਅਤੇ ਖੂਬਸੂਰਤ ਜੰਗਲ ਸੀ। ਇਸ ਜੰਗਲ ਵਿੱਚ ਬਹੁਤ ਸਾਰੇ ਪੰਛੀ ਅਤੇ ਜਾਨਵਰ ਰਹਿੰਦੇ ਸਨ। ਇਸੇ ਜੰਗਲ ਵਿੱਚ ਇੱਕ ਨਦੀ ਵਹਿੰਦੀ ਸੀ। ਨਦੀ ਦੇ ਕਿਨਾਰੇ ਹੀ ਬਹੁਤ ਸਾਰੇ ਫਲਾਂ ਦੇ ਦਰੱਖਤ ਸਨ ਜਿਨ੍ਹਾਂ ਦੇ ਉਪਰ ਬਹੁਤ ਸਾਰੇ ਪੰਛੀਆਂ ਦੇ ਆਲ੍ਹਣੇ ਸਨ। ਇਨ੍ਹਾਂ ਪੰਛੀਆਂ ਦਾ ਰਾਜਾ ਮੋਰ ਸੀ। ਸਾਰੇ ਪੰਛੀ ਉਨ੍ਹਾਂ ਫਲਾਂ ਦੇ ਦਰੱਖਤਾਂ ਤੇ ਰਹਿੰਦੇ ਹੋਏ ਬਹੁਤ ਖੁਸ਼ ਸਨ ਕਿਉਂਕਿ ਇੱਕ ਤਾਂ ਉਨ੍ਹਾਂ ਨੂੰ ਖਾਣ ਲਈ ਫਲ ਮਿਲ ਜਾਂਦੇ ਸਨ ਤੇ ਪਾਣੀ ਲਈ ਕੋਲ ਹੀ ਨਦੀ ਵਹਿੰਦੀ ਸੀ। ਸਾਰੇ ਪੰਛੀ ਖੁਸ਼ੀ-ਖੁਸ਼ੀ ਆਪਣਾ ਜੀਵਨ ਬਤੀਤ ਕਰ ਰਹੇ ਸਨ। ਜਿੱਥੇ ਪੰਛੀ ਰਹਿੰਦੇ ਸਨ, ਉਹ ਬਹੁਤ ਹੀ ਖੂਬਸੂਰਤ ਜਗ੍ਹਾ ਸੀ। ਜੰਗਲ ਦੇ ਹੋਰ ਕਈ ਜਾਨਵਰ ਵੀ ਫਲ ਖਾਣ ਲਈ ਉਥੇ ਆ ਜਾਂਦੇ ਸਨ। ਪੰਛੀ ਕਿਸੇ ਨੂੰ ਵੀ ਫਲ ਖਾਣ ਤੋਂ ਰੋਕਦੇ ਨਹੀਂ ਸਨ। ਸਗੋਂ ਆਪ ਤੋੜ ਕੇ ਵੀ ਦੇ ਦਿੰਦੇ ਸਨ। ਉਨ੍ਹਾਂ ਦਾ ਵਰਤਾਵ ਬਹੁਤ ਚੰਗਾ ਸੀ।

ਉਸੇ ਜੰਗਲ ਵਿੱਚ ਹੀ ਇੱਕ ਜਗ੍ਹਾ ਬਹੁਤ ਸਾਰੇ ਬਾਂਦਰ ਵੀ ਰਹਿੰਦੇ ਸਨ। ਬਾਂਦਰ ਬਹੁਤ ਹੀ ਸ਼ੈਤਾਨ ਅਤੇ ਚਲਾਕ ਸਨ। ਇੱਕ ਦਿਨ ਬਹੁਤ ਹੀ ਅਣਹੋਣੀ ਘਟਨਾ ਵਾਪਰੀ। ਉਹ ਸਭ ਬਾਂਦਰਾਂ ਨੇ ਆ ਕੇ ਉਨ੍ਹਾਂ ਫਲਾਂ ਦੇ ਦਰੱਖਤਾਂ ਤੇ ਕਬਜ਼ਾ ਕਰ ਲਿਆ ਅਤੇ ਪੰਛੀਆਂ ਨੂੰ ਉਥੋਂ ਭਜਾਉਣ ਲੱਗੇ। ਪੰਛੀ ਵਿਚਾਰੇ ਦੁਬਿਧਾ ਵਿੱਚ ਫਸ ਗਏ। ਪੰਛੀ ਕਾਫ਼ੀ ਚਿਰ ਸ਼ੋਰ ਮਚਾਉਂਦੇ ਰਹੇ ਪਰ ਸਭ ਵਿਅਰਥ ਸੀ। ਬਾਂਦਰਾਂ ਨੇ ਪੰਛੀਆ ਨੂੰ ਫਲਾਂ ਦੇ ਦਰੱਖਤਾਂ ਤੋਂ ਖਦੇੜ ਦਿੱਤਾ। ਵਿਚਾਰੇ ਪੰਛੀ ਕਰ ਵੀ ਕੀ ਸਕਦੇ ਸਨ। ਉਨ੍ਹਾਂ ਨੂੰ ਉਹ ਜਗ੍ਹਾ ਛੱਡਣੀ ਪਈ। ਸਾਰੇ ਪੰਛੀ ਉਥੋਂ ਉਡ ਗਏ ਅਤੇ ਹੋਰ ਪਾਸੇ ਚਲੇ ਗਏ। ਪੰਛੀ ਵਿਚਾਰੇ ਬਹੁਤ ਜ਼ਿਆਦਾ ਪਰੇਸ਼ਾਨ ਸਨ।

ਅਗਲੇ ਦਿਨ ਮਿੱਠੂ ਤੋਤੇ ਨੂੰ ਭੁੱਖ ਲੱਗ ਗਈ। ਉਹ ਜਲਦੀ ਨਾਲ ਜਾ ਕੇ ਉਨ੍ਹਾਂ ਫਲਾਂ ਦੇ ਦਰੱਖਤਾਂ ਤੋਂ ਫਲ ਖਾਣ ਲੱਗਾ। ਜਦੋਂ ਬਾਂਦਰਾਂ ਨੇ ਇਹ ਦੇਖਿਆ ਤਾਂ ਉਨ੍ਹਾਂ ਨੂੰ ਉਸ 'ਤੇ ਗੁੱਸਾ ਆ ਗਿਆ। ਉਨ੍ਹਾਂ ਬਾਂਦਰਾਂ ਨੇ ਮਿੱਠੂ ਤੋਤੇ ਉਤੇ ਫਲਾਂ ਨਾਲ ਹੀ ਹਮਲਾ ਕਰ ਦਿੱਤਾ। ਵਿਚਾਰਾ ਮਿੱਠੂ ਮਸਾਂ ਹੀ ਉਥੋਂ ਆਪਣੀ ਜਾਨ ਬਚਾ ਕੇ ਭੱਜਿਆ। ਬਾਂਦਰ ਕਿਸੇ ਵੀ ਪੰਛੀ ਅਤੇ ਕਿਸੇ ਵੀ ਜਾਨਵਰ ਨੂੰ ਫਲ ਵੀ ਨਹੀਂ ਸੀ ਖਾਣ ਦਿੰਦੇ। ਉਹ ਬਹੁਤ ਜ਼ਿਆਦਾ ਸ਼ੈਤਾਨ ਹੋ ਗਏ ਸਨ। ਮਿੱਠੂ ਤੋਤੇ ਨੇ ਇਹ ਸਾਰੀ ਗੱਲ ਪੰਛੀਆਂ ਦੇ ਰਾਜੇ ਮੋਰ ਨੂੰ ਦੱਸੀ। ਪੰਛੀਆਂ ਦੇ ਰਾਜੇ ਮੋਰ ਨੇ ਸਾਰੇ ਪੰਛੀਆਂ ਨੂੰ ਇਕੱਠਾ ਕੀਤਾ ਅਤੇ ਦਿਲਾਸਾ ਦਿੰਦੇ ਹੋਏ ਕਿਹਾ ਕਿ ਜੇਕਰ ਬਾਂਦਰਾਂ ਨੂੰ ਹੁਣ ਸਬਕ ਨਾ ਸਿਖਾਇਆ ਤਾਂ ਉਹ ਸਾਨੂੰ ਪੂਰੇ ਜੰਗਲ ਵਿੱਚ ਟਿਕਣ ਨਹੀਂ ਦੇਣਗੇ। ਅੱਜ ਸਾਡੇ ਘਰਾਂ ਤੇ ਕਬਜ਼ਾ ਕੀਤਾ ਹੈ, ਕੱਲ੍ਹ ਨੂੰ ਸਾਨੂੰ ਨਦੀ ਵਿੱਚੋਂ ਪਾਣੀ ਵੀ ਪੀਣ ਨਹੀਂ ਦੇਣਗੇ। ਕੋਈ ਦਿਨ ਅਜਿਹਾ ਵੀ ਆਵੇਗਾ ਕਿ ਉਹ ਸਾਨੂੰ ਇਸ



ਜੰਗਲ ਵਿੱਚੋਂ ਹੀ ਕੱਢ ਦੇਣਗੇ। ਅਸੀਂ ਉਨ੍ਹਾਂ ਦੀ ਤਾਕਤ ਦਾ ਮੁਕਾਬਲਾ ਨਹੀਂ ਕਰ ਸਕਦੇ। ਬਸ ਤੁਸੀਂ ਸਬਰ ਰੱਖੋ। ਮੇਰਾ ਇੱਕ ਹਾਥੀ ਦੋਸਤ ਹੈ। ਅਸੀਂ ਉਸ ਦੀ ਮਦਦ ਲਵਾਂਗੇ ਤਾਂ ਜੋ ਉਨ੍ਹਾਂ ਸ਼ੈਤਾਨ ਬਾਂਦਰਾਂ ਨੂੰ ਖਦੇੜ ਸਕੀਏ ਅਤੇ ਅਸੀਂ ਆਪਣੇ ਘਰਾਂ ਨੂੰ ਵਾਪਿਸ ਪ੍ਰਾਪਤ ਕਰ ਸਕੀਏ। ਸਾਰੇ ਪੰਛੀਆਂ ਨੇ ਕਿਹਾ ਕਿ ਰਾਜਾ ਮੋਰ, ਅਸੀਂ ਸਾਰੇ ਤੁਹਾਡੇ ਨਾਲ ਹਾਂ।

ਮੋਰ ਜਲਦੀ ਨਾਲ ਜਾ ਕੇ ਆਪਣੇ ਹਾਥੀ ਦੋਸਤ ਨੂੰ ਮਿਲਿਆ ਅਤੇ ਸਭ ਕੁਝ ਹਾਥੀ ਨੂੰ ਦੱਸ ਦਿੱਤਾ ਜੋ ਪੰਛੀਆਂ ਨਾਲ ਵਾਪਰਿਆ ਸੀ। ਹਾਥੀ ਨੇ ਮੋਰ ਨੂੰ ਕਿਹਾ ਕਿ ਦੋਸਤ, ਬਾਂਦਰ ਬਹੁਤ ਸ਼ੈਤਾਨ ਹੁੰਦੇ ਹਨ। ਉਹ ਜ਼ੋਰ ਨਾਲ ਨਹੀਂ ਭੱਜਣਗੇ। ਸਾਨੂੰ ਕੋਈ ਅਜਿਹੀ ਸਕੀਮ ਸੋਚਣੀ ਪਵੇਗੀ ਤਾਂ ਜੋ ਉਹ ਡਰ ਦੇ ਕਾਰਨ ਭੱਜ ਜਾਣ। ਰਾਜਾ ਮੋਰ ਬਹੁਤ ਬੁੱਧੀਮਾਨ ਸੀ। ਉਸ ਨੇ ਆਪਣਾ ਦਿਮਾਗ ਲਗਾਇਆ ਅਤੇ ਹਾਥੀ ਨੂੰ ਬੋਲਿਆ ਕਿ ਹਾਥੀ ਦੋਸਤ, ਉਨ੍ਹਾਂ ਫਲਾਂ ਦੇ ਦਰੱਖਤਾਂ ਕੋਲ ਦੀ ਨਦੀ ਵਹਿੰਦੀ ਹੈ। ਜੇਕਰ ਅਸੀਂ ਉਸ ਨਦੀ ਦੇ ਪਾਣੀ ਵਿੱਚ ਕੋਈ ਹੱਲਚਲ ਕਰ ਦਈਏ ਤਾਂ ਬਾਂਦਰ ਜ਼ਰੂਰ ਡਰ ਜਾਣਗੇ। ਹਾਥੀ ਨੇ ਕਿਹਾ ਕਿ ਠੀਕ ਹੈ, ਅਸੀਂ ਰਾਤ ਵੇਲੇ ਹੀ ਨਦੀ ਵਿੱਚ ਧਮਾਕਾ ਕਰਾਂਗੇ ਤਾਂ ਜੋ ਬਾਂਦਰ ਉਥੋਂ ਡਰ ਕੇ ਭੱਜ ਜਾਣ।

ਰਾਤ ਦਾ ਸਮਾਂ ਸੀ। ਹਾਥੀ ਅਤੇ ਮੋਰ ਦੋਨੋਂ ਹੀ ਬਾਂਦਰਾਂ ਨੂੰ ਸਬਕ ਸਿਖਾਉਣ ਲਈ ਆਪਣੀ ਯੋਜਨਾ ਅਨੁਸਾਰ ਨਦੀ ਕੋਲ ਪਹੁੰਚ ਗਏ। ਹਾਥੀ ਬਹੁਤ ਵਿਸ਼ਾਲ ਸੀ। ਹਾਥੀ ਨੇ ਆਪਣੀ ਸੁੰਡ ਵਿੱਚ ਬਹੁਤ ਭਾਰੀ ਪੱਥਰ ਵੀ ਚੁੱਕ ਲਿਆਂਦਾ ਸੀ। ਬਹੁਤ ਜ਼ਿਆਦਾ ਦੇਰ ਨਾ ਕਰਦੇ ਹੋਏ ਹਾਥੀ ਨੇ ਯੋਜਨਾ ਅਨੁਸਾਰ ਹਨ੍ਹੇਰੇ ਵਿੱਚ ਦੂਰੋਂ ਹੀ ਉਹ ਭਾਰੀ ਪੱਥਰ ਨਦੀ ਵਿੱਚ ਸੁੱਟ ਦਿੱਤਾ। ਰਾਤ ਦਾ ਸ਼ਾਂਤ ਸਮਾਂ ਹੋਣ ਕਾਰਨ ਬਹੁਤ ਵੱਡਾ ਧਮਾਕਾ ਹੋਇਆ। ਜਿਸ ਕਾਰਨ ਨਦੀ ਦਾ ਪਾਣੀ ਵੀ ਬਹੁਤ ਦੂਰ ਤੱਕ ਉਛਲਿਆ। ਜਦੋਂ ਬਾਂਦਰਾਂ ਨੇ ਇਹ ਧਮਾਕਾ ਸੁਣਿਆ ਤੇ ਪਾਣੀ ਉਛਲਦੇ ਦੇਖਿਆ ਤਾਂ ਉਹ ਬਹੁਤ ਡਰ ਗਏ ਅਤੇ ਇਧਰ-ਓਧਰ ਭੱਜਣ ਲੱਗੇ। ਦੇਖਦੇ ਹੀ ਦੇਖਦੇ ਉਹ ਸਭ ਫਲਾਂ ਦੇ ਦਰੱਖਤਾਂ ਨੂੰ ਛੱਡ ਕੇ ਭੱਜ ਗਏ। ਇੱਕ ਵੀ ਬਾਂਦਰ ਉਥੇ ਨਾ ਰਿਹਾ। ਉਨ੍ਹਾਂ ਨੂੰ ਇਹ ਪ੍ਰਤੀਤ ਹੋਇਆ ਕਿ ਇਹ ਕੰਮ ਇਨਸਾਨਾਂ ਦਾ ਹੈ। ਫਲਾਂ ਦੇ ਦਰੱਖਤ ਬਿਲਕੁਲ ਖਾਲੀ ਹੋ ਗਏ ਸਨ। ਹਾਥੀ ਅਤੇ ਮੋਰ ਦੀ ਯੋਜਨਾ ਕੰਮ ਕਰ ਗਈ ਸੀ। ਮੋਰ ਨੇ ਹਾਥੀ ਦਾ ਬਹੁਤ ਧੰਨਵਾਦ ਕੀਤਾ। ਫਿਰ ਅਗਲੀ ਸਵੇਰ ਸਾਰੇ ਪੰਛੀ ਆਪਣੇ ਘਰਾਂ ਵਿੱਚ ਵਾਪਿਸ ਆ ਗਏ। ਬਾਂਦਰਾਂ ਦਾ ਸਫਾਇਆ ਹੋ ਗਿਆ ਸੀ। ਡਰ ਕਾਰਨ ਹੁਣ ਤਾਂ ਉਹ ਇਹਨਾਂ ਦਰੱਖਤਾਂ ਵੱਲ ਮੂੰਹ ਵੀ ਨਹੀਂ ਸਨ ਕਰਦੇ। ਸਾਰੇ ਪੰਛੀ ਫਿਰ ਤੋਂ ਖੁਸ਼ੀ-ਖੁਸ਼ੀ ਰਹਿਣ ਲੱਗੇ ਅਤੇ ਉਨ੍ਹਾਂ ਨੇ ਆਪਣੇ ਰਾਜੇ ਮੋਰ ਦਾ ਬਹੁਤ ਧੰਨਵਾਦ ਕੀਤਾ।



ਪਿਆਰੇ ਬੱਚਿਓ, ਮੁਸੀਬਤ ਕਿੰਨੀ ਹੀ ਵੱਡੀ ਕਿਉਂ ਨਾ ਹੋਵੇ, ਹਮੇਸ਼ਾ ਹਿੰਮਤ ਅਤੇ ਅਕਲ ਤੋਂ ਹੀ ਕੰਮ ਲੈਣਾ ਚਾਹੀਦਾ ਹੈ ਤਾਂ ਸਭ ਕੁਝ ਠੀਕ ਹੋ ਜਾਂਦਾ ਹੈ।

# ਰੰਗ ਭਰੋ





ਨਾਂ .................................................................................. ਉਮਰ..........

ਪੂਰਾ ਪਤਾ..............................................................................

.....................................................................................................

# ਅਕਤੂਬਰ 2022 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਵਿਦਿਤ ਬਜਾਜ (ਉਮਰ 10 ਸਾਲ)
ਪਿੰਡ ਤੇ ਡਾਕਖਾਨਾ : (ਖੁਸ਼ਹਾਲ ਪੁਰ)
ਜਿਲਾ : ਗੁਰਦਾਸ ਪੁਰ (ਪੰਜਾਬ)

**ਦੂਸਰਾ ਨੰ :**

ਸਹਿਜ (ਉਮਰ 11 ਸਾਲ)
ਪਿੰਡ ਤੇ ਡਾਕਖਾਨਾ : ਪਾਤੜਾਂ
ਜਿਲਾ : ਪਟਿਆਲਾ (ਪੰਜਾਬ)

**ਤੀਸਰਾ ਨੰ :**

ਭਾਵੇਸ਼ ਬਾਂਸਲ (ਉਮਰ 9 ਸਾਲ)
ਨਵੀ ਦਾਣਾ ਮੰਡੀ
ਪਿੰਡ ਅਤੇ ਡਾਕਖਾਨਾ : ਰਾਏਕੋਟ
ਜ਼ਿਲਾ - ਲੁਧਿਆਣਾ (ਪੰਜਾਬ)

## ਪਸੰਦ ਕੀਤੇ ਗਏ –

ਅਭਿਨਵ, ਫਰੀਦਕੋਟ (ਪੰਜਾਬ)
ਸਹਿਜ, ਪਟਿਆਲਾ (ਪੰਜਾਬ)
ਸ਼ੁਭਪ੍ਰੀਤ (ਅੰਮ੍ਰਿਤਸਰ),
ਗੁਰਵਿੰਦਰ (ਜ਼ੀਰਾ),
ਪ੍ਰੇਰਨਾ (ਬੇਦੀ ਨਗਰ),
ਪ੍ਰਭਜੋਤ ਕੌਰ (ਭੈਰੋ ਮਾਜਰਾ),
ਗੁਰਲਾਲ ਸਿੰਘ (ਹੀਰੋ ਖੁਰਦ),
ਗੁਰਮੁਖ ਨੂਰ (ਗੁਮਟਾਲਾ),
ਸੁਖਮੀਤ (ਸਰਦੂਲਗੜ),
ਸਿਦਕ ਭਾਟੀਆ (ਦੋਰਾਹਾ),
ਅਸੀਮਤਾ (ਬੁਰੇਲ, ਚੰਡੀਗੜ)
ਰਾਧਾ (ਜਗਰਾਉਂ),
ਪ੍ਰਦੀਪ ਕੁਮਾਰ (ਨਵਾਂ ਸ਼ਹਿਰ),
ਆਰਾਧਿਆ (ਦਿੱਲੀ),
ਏਕਤਾ (ਹਰੀਕੇ ਪਤਨ),
ਜਸ਼ਨਪ੍ਰੀਤ ਕੌਰ (ਬੋਹਾ),
ਨਿਤਿਨ ਕੰਡਾ (ਤਲਵੰਡੀ ਭਾਈ),
ਸੁਖਪ੍ਰੀਤ ਸਿੰਘ (ਮਾਨਸਾ),



# ਜਨਵਰੀ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਫਰਵਰੀ 2023 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਮਾਰਚ 2023 ਅੰਕ 'ਚ ਕੀਤੀ ਜਾਵੇ ਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।

# ਗਰੁੜ



ਗਰੁੜ ਵੇਖਣ ਵਿੱਚ ਤਾਂ ਸੁੰਦਰ ਹੁੰਦਾ ਹੀ ਹੈ ਨਾਲ ਹੀ ਉਸ ਵਿੱਚ ਬਾਕੀ ਪੰਛੀਆਂ ਦੀ ਤੁਲਨਾ ਵਿੱਚ ਤਾਕਤ ਵੀ ਜ਼ਿਆਦਾ ਹੁੰਦੀ ਹੈ। ਇਹ ਆਪਣੀ ਤਿੱਖੀ ਅਤੇ ਮਜ਼ਬੂਤ ਚੁੰਝ ਅਤੇ ਤਿੱਖੇ ਨਹੁੰਆਂ ਨਾਲ ਛੋਟੇ ਜੀਵਾਂ ਨੂੰ ਉਠਾ ਕੇ ਲੈ ਜਾਣ ਦੀ ਤਾਕਤ ਰੱਖਦਾ ਹੈ। ਉਹ ਸੱਪ ਨੂੰ ਵੀ ਉਠਾ ਕੇ ਲੈ ਜਾਂਦਾ ਹੈ ਖਾ ਜਾਂਦਾ ਹੈ।

**ਸੁਨਹਿਰਾ ਗਰੁੜ** : ਇਹ ਲਾਲ ਅਤੇ ਭੂਰੇ ਰੰਗ ਦਾ ਹੁੰਦਾ ਹੈ। ਆਕਾਰ ਵਿੱਚ ਇਹ ਤਿੰਨ ਫੁਟ ਤੋਂ ਵੀ ਵੱਡਾ ਹੁੰਦਾ ਹੈ। ਇਸ ਦੇ ਸਿਰ ਅਤੇ ਗਰਦਨ ਦਾ ਰੰਗ ਪੀਲਾ ਹੁੰਦਾ ਹੈ। ਇਹ ਪਹਾੜੀ ਅਤੇ ਮੈਦਾਨੀ ਦੋਨਾਂ ਇਲਾਕਿਆਂ ਵਿੱਚ ਰਹਿ ਲੈਂਦਾ ਹੈ। ਹਿਮਾਲਯ ਦੇ ਪਹਾੜੀ ਇਲਾਕਿਆਂ ਵਿੱਚ ਕਈ ਸੁਨਹਿਰੇ ਗਰੁੜ ਪਾਏ ਜਾਂਦੇ ਹਨ।

ਇਹ ਛੋਟੇ ਪੰਛੀਆਂ, ਸੱਪ, ਖਰਗੋਸ਼ ਆਦਿ ਦਾ ਸ਼ਿਕਾਰ ਕਰਦਾ ਹੈ। ਇਹ ਸ਼ਿਕਾਰ ਤੇ ਬਾਜ ਦੀ ਤਰ੍ਹਾਂ ਝਪੱਟਾ ਮਾਰ ਕੇ ਵਾਰ ਕਰਦਾ ਹੈ। ਇਹ ਆਂਡੇ ਦੇਣ ਲਈ ਚਟਾਨਾਂ ਦੀਆਂ ਚੋਟੀਆਂ ਤੇ ਤਿਨਕਿਆਂ ਦੀ ਸਹਾਇਤਾ ਨਾਲ ਮਜ਼ਬੂਤ ਆਲ੍ਹਣਾ ਬਣਾਉਂਦੇ ਹਨ। ਮਾਦਾ ਗਰੁੜ ਇਕ ਵਾਰ ਵਿੱਚ ਦੋ ਆਂਡੇ ਦਿੰਦੀ ਹੈ। 40 ਦਿਨ ਤਕ ਆਂਡੇ ਸੇਕਣ ਦੇ ਬਾਦ ਬੱਚੇ ਆਂਡੇ ਤੋਂ ਬਾਹਰ ਆਉਂਦੇ ਹਨ ਅਤੇ ਲਗਭਗ ਦਸ ਹਫ਼ਤੇ ਬਾਦ ਇਹਨਾਂ ਦੇ ਬੱਚੇ ਆਲ੍ਹਣੇ ਤੋਂ ਨਿਕਲ ਜਾਂਦੇ ਹਨ।

**ਸ਼ਿਖਾਧਾਰੀ ਗਰੁੜ** : ਗੂੜ੍ਹੇ ਕਥਈ ਰੰਗ ਵਾਲੇ ਇਸ ਗਰੁੜ ਦੇ ਸਿਰ ਤੇ ਪਿਛੇ ਵੱਲ ਕਾਲੇ ਅਤੇ ਸਫੈਦ ਰੰਗ ਦੀ ਚੋਟੀ ਜਾਂ ਸ਼ਿਖਾ ਸਪੱਸ਼ਟ ਰੂਪ ਨਾਲ ਦਿਸਦੀ ਹੈ। ਗਿਰਗਿਟ, ਡੱਡੂ, ਸੱਪ, ਜੰਗਲੀ ਮੁਰਗੀ ਆਦਿ ਇਸ ਦੇ ਮੁਖ ਭੋਜਨ ਹਨ। ਸ਼ਿਖਾਧਾਰੀ ਗਰੁੜ ਦੀ ਮਾਦਾ ਸਿਰਫ ਇਕ ਹੀ ਆਂਡਾ ਦਿੰਦੀ ਹੈ। ਹਿਮਾਲਯ ਅਤੇ ਉੱਤਰ ਭਾਰਤ ਦੇ ਪਰਬਤੀ ਪ੍ਰਦੇਸ਼ਾਂ ਵਿੱਚ ਮਿਲਣ ਵਾਲੀ ਗਰੁੜ ਦੀ ਇਹ ਪ੍ਰਜਾਤੀ 'ਸਿਪਲੋਨਿਰਸ ਚੀਲ' ਕਹਾਉਂਦੀ ਹੈ।

**ਭੂਰੇ ਰੰਗ ਦਾ ਗਰੁੜ** : ਭਾਰਤ ਦੇ ਭਾਰੀ ਵਰਖਾ ਵਾਲੇ ਖੇਤਰਾਂ ਨੂੰ ਛੱਡ ਕੇ ਇਹ ਗਰੁੜ ਅਕਸਰ ਸਾਰੇ ਖੇਤਰਾਂ ਵਿੱਚ ਮਿਲ ਜਾਂਦਾ ਹੈ। ਇਸ ਦੀ ਚੁੰਝ ਮੋਟੀ, ਮਜ਼ਬੂਤ, ਅਤੇ ਤਿੱਖੀ ਹੁੰਦੀ ਹੈ। ਇਸ ਦੇ ਦੋਵੇਂ ਪੈਰ ਉਂਗਲੀਆਂ ਤਕ ਖੰਭਾਂ ਨਾਲ ਢੱਕੇ ਰਹਿੰਦੇ ਹਨ।

ਇਸ ਪ੍ਰਜਾਤੀ ਦੀ ਮਾਦਾ ਗਰੁੜ, ਨਰ ਗਰੁੜ ਤੋਂ ਵੱਡੀ ਹੁੰਦੀ ਹੈ। ਨਰ ਅਤੇ ਮਾਦਾ ਦੋਵੇਂ ਅਕਾਸ਼ ਵਿੱਚ ਮੰਡਰਾ ਕੇ ਆਪਣਾ ਭੋਜਨ ਲੱਭਦੇ ਹਨ। ਇਹ ਗਰੁੜ ਛੋਟੇ ਖਰਗੋਸ਼, ਮੁਰਗੀ, ਚੂਹੇ, ਸੱਪ ਆਦਿ ਨੂੰ ਆਪਣੇ ਪੰਜਿਆਂ ਵਿੱਚ ਉਠਾ ਕੇ ਲੈ ਜਾਂਦੇ ਹਨ ਅਤੇ ਆਰਾਮ ਨਾਲ ਕਿਸੇ ਉਚੀ ਚੱਟਾਨ ਜਾਂ ਰੁੱਖ ਤੇ ਬੈਠ ਕੇ ਖਾਂਦੇ ਹਨ। ਇਹ ਆਪਣਾ ਆਲ੍ਹਣਾ ਕਿੱਕਰ ਵਰਗੇ ਕੰਡੇਦਾਰ ਰੁੱਖਾਂ ਦੀਆਂ ਚੋਟੀਆਂ ਤੇ ਬਣਾਉਂਦੇ ਹਨ।

**ਮੱਛੀਆਂ ਖਾਣ ਵਾਲਾ ਗਰੁੜ** : ਇਸ ਗਰੁੜ ਦਾ ਮੁਖ ਭੋਜਨ ਮੱਛੀਆਂ ਹਨ ਇਸ ਲਈ ਇਸ ਨੂੰ 'ਰਿੰਗਟੇਲਡ ਫਿਸ਼ਿੰਗ ਈਗਲ' ਕਹਿੰਦੇ ਹਨ। ਇਹ ਵਿਸ਼ੇਸ਼ ਕਰਕੇ ਉੱਤਰ ਭਾਰਤ ਅਤੇ ਪਾਕਿਸਤਾਨ ਵਿੱਚ ਪਾਇਆ ਜਾਂਦਾ ਹੈ। ਇਸ ਦੇ ਖੰਭ ਕਾਲੇ, ਸਿਰ, ਪੇਟ ਅਤੇ ਪਿੱਠ ਦਾ ਰੰਗ ਸਫੈਦ ਅਤੇ ਸੁਨਿਹਰਾ ਪੀਲਾਪਨ ਹੁੰਦਾ ਹੈ। ਸਰਦੀ ਦੇ ਦਿਨਾਂ ਵਿੱਚ ਇਹ ਨਦੀਆਂ, ਤਾਲਾਬਾਂ, ਝੀਲਾਂ ਦੇ ਨੇੜੇ ਰਹਿੰਦਾ ਹੈ। ਇਥੇ ਹੀ ਉਹ ਅਕਸਰ ਮੱਛੀਆਂ ਦੇ ਸ਼ਿਕਾਰ ਲਈ ਲਪਕਦਾ ਹੈ। ਇਹ ਆਪਣਾ ਆਲ੍ਹਣਾ ਉਚੇ ਰੁੱਖਾਂ ਤੇ ਬਣਾਉਂਦਾ ਹੈ ਜਿਸ ਵਿੱਚ ਮਾਦਾ ਗਰੁੜ ਦੋ ਜਾਂ ਤਿੰਨ ਆਂਡੇ ਦਿੰਦੀ ਹੈ। ਗਰੁੜ ਇਕ ਆਕਰਸ਼ਕ ਪੰਛੀ ਹੈ। ਜਿਸ ਦੀ ਗਿਣਤੀ ਸਾਡੇ ਦੇਸ਼ ਵਿੱਚ ਨਿਰੰਤਰ ਘੱਟ ਰਹੀ ਹੈ। ਜੀਵ ਵਿਗਿਆਨਕਾਂ ਦੇ ਲਈ ਇਹ ਇਕ ਚਿੰਤਾ ਦਾ ਵਿਸ਼ਾ ਹੈ।

ਕਵਿਤਾ : ਅੰਮ੍ਰਿਤ 'ਹਰਮਨ'

# ਮਹਾਨ ਕੌਣ?




ਇਕ ਦਿਨ ਬੋਲਿਆ ਮਾਨਵ ਸੂਰਜ ਨੂੰ,
ਤੁਸੀਂ ਕਿੰਨੇ ਮਹਾਨ ਹੋ।
ਸਭ ਨੂੰ ਰੋਸ਼ਨੀ ਊਰਜਾ ਦਿੰਦੇ,
ਇਸ ਸ੍ਰਿਸ਼ਟੀ ਦੇ ਪ੍ਰਾਣ ਹੋ।
ਇੱਕ ਘਾਟ ਹੈ ਲੇਕਿਨ ਤੁਹਾਡੇ ਵਿੱਚ,
ਗਰਮ ਬਹੁਤ ਹੋ ਜਾਂਦੇ ਹੋ।
ਗਰਮੀ ਦੇ ਮੌਸਮ ਵਿੱਚ ਪਸੀਨੇ,
ਨਾਲ ਸਭ ਨੂੰ ਨਹਾਂਦੇ ਹੋ।

ਫਿਰ ਬੋਲਿਆ ਮਾਨਵ ਸਾਗਰ ਨੂੰ,
ਤੁਸੀਂ ਕਿੰਨੇ ਮਹਾਨ ਹੋ।
ਬੱਦਲ ਵੀ ਜਲ ਲੈਂਦੇ ਤੇਰੇ ਤੋਂ,
ਵਿਸ਼ਾਲ ਹੋ ਜਲ ਦੀ ਖਾਨ ਹੋ।
ਲੇਕਿਨ ਇੱਕ ਘਾਟ ਹੈ ਤੁਹਾਡੇ ਵਿੱਚ,
ਬਾਕੀ ਗੁਣ ਨੇ ਸਾਰੇ।
ਜਲ ਤੁਹਾਡਾ ਪੀ ਨਹੀਂ ਸਕਦੇ,
ਤੁਸੀਂ ਹੋ ਬਿਲਕੁਲ ਖਾਰੇ।

ਫਿਰ ਬੋਲਿਆ ਮਾਨਵ ਪਰਬਤ ਨੂੰ,
ਤੂੰ ਬੜਾ ਮਹਾਨ ਹੈ।
ਅਚਲ, ਅਡੋਲ, ਵਿਸ਼ਾਲ ਹੈ ਕਿੰਨਾ,
ਧਰਤੀ ਦੇ ਮੁਕਟ ਸਮਾਨ ਹੈ।
ਹਾਂ ਬਸ ਇੱਕ ਘਾਟ ਹੈ ਤੇਰੇ ਵਿੱਚ,
ਬਰਫ ਨਾਲ ਸਾਰਾ ਢੱਕਿਆ ਹੈ ਤੂੰ।
ਕੋਈ ਰੁੱਖ ਨਾ ਪੌਦਾ ਉਗਦਾ,
ਬੇਜਾਨ ਜਿਹਾ ਲਗਦਾ ਹੈ ਤੂੰ।

ਫਿਰ ਤਿੰਨੇ ਬੋਲੇ ਮਾਨਵ ਨੂੰ,
ਅਸੀਂ ਤਾਂ ਜੜ ਹਾਂ, ਬਿਨ ਪ੍ਰਾਣ ਹਾਂ।
ਜਿਹਦੇ ਲਈ ਪ੍ਰਭੂ ਨੇ ਬਣਾਇਆ,
ਬਸ ਕਰਦੇ ਉਹ ਕੰਮ ਹਾਂ।
ਤੂੰ ਹੀ ਸ੍ਰਿਸ਼ਟੀ ਵਿੱਚ ਸ੍ਰੇਸ਼ਠ ਸਭ ਤੋਂ,
ਤੂੰ ਪ੍ਰਭੂ ਦੀ ਸੰਤਾਨ ਹੈ।
ਔਗੁਣ ਵੇਖਣਾ ਛੱਡ ਦੇਵੋਂ ਤਾਂ,
ਸਭ ਤੋਂ ਤੂੰ ਮਹਾਨ ਹੈ।



ਕਹਾਣੀ - ਮਹਿੰਦਰ ਸਿੰਘ ਸ਼ੇਖਾਵਤ

# ਸੱਚੀ ਸੇਵਾ



ਗੱਲ ਪੁਰਾਣੀ ਹੈ। ਇਕ ਦਿਨ ਭਗਵਾਨ ਸ਼੍ਰੀ ਕ੍ਰਿਸ਼ਣ ਦੇ ਇਕ ਮਿੱਤਰ ਨੇ ਉਹਨਾਂ ਤੋਂ ਪੁੱਛਿਆ - '' ਤੁਸੀਂ ਯੁਧਿਸ਼ਠਰ ਨੂੰ ਧਰਮਰਾਜ ਕਿਉਂ ਕਹਿੰਦੇ ਹੋ?

ਇਹ ਸੁਣ ਕੇ ਸ਼੍ਰੀ ਕ੍ਰਿਸ਼ਣ ਬੋਲੇ - ਯੁਧਿਸ਼ਠਰ ਧਰਮਰਾਜ ਕਹਿਲਾਉਣ ਦੇ ਯੋਗ ਹੈ। ਇਸ ਲਈ ਉਹਨਾਂ ਨੂੰ ਧਰਮਰਾਜ ਕਹਿਣਾ ਠੀਕ ਹੈ।

ਯੁਧਿਸ਼ਠਰ ਧਰਮਰਾਜ ਕਹਿਲਾਉਣ ਦੇ ਯੋਗ ਕਿਉਂ ਹੈ? - ਮਿੱਤਰ ਨੇ ਦੁਬਾਰਾ ਪ੍ਰਸ਼ਨ ਕੀਤਾ। ਤਦ ਭਗਵਾਨ ਸ਼੍ਰੀ ਕ੍ਰਿਸ਼ਣ ਬੋਲੇ - ਇਸ ਦਾ ਜੁਆਬ ਮੈਂ ਕੱਲ੍ਹ ਸਵੇਰੇ ਹੀ ਦੇ ਸਕਾਂਗਾ।

ਉਸ ਸਮੇਂ ਪਾਂਡਵ ਅਤੇ ਕੌਰਵ ਸੈਨਾ ਦੇ ਵਿਚਕਾਰ ਯੁੱਧ ਚੱਲ ਰਿਹਾ ਸੀ। ਯੁੱਧ ਤੋਂ ਬਾਅਦ ਰਾਤ ਨੂੰ ਯੁਧਿਸ਼ਠਰ ਭੇਸ ਬਦਲ ਕੇ ਕੁਰੁਕਸ਼ੇਤਰ ਦੇ ਮੈਦਾਨ ਵਿਚ ਜਾਂਦੇ ਸਨ। ਸਾਰੇ ਜ਼ਖਮੀ ਸੈਨਿਕਾਂ ਦੀ ਸੇਵਾ, ਮਰਹਮ ਪੱਟੀ ਅਤੇ ਦੇਖਭਾਲ ਕਰਦੇ ਸਨ।

ਇਕ ਦਿਨ ਸ਼੍ਰੀ ਕ੍ਰਿਸ਼ਣ ਅਤੇ ਉਹਨਾਂ ਦਾ ਮਿੱਤਰ ਭੇਸ ਬਦਲ ਕੇ ਉਹਨਾਂ ਦੇ ਪਿੱਛੇ ਪਿੱਛੇ ਚੱਲ ਪਏ ਇਹ ਜਾਨਣ ਲਈ ਕਿ ਉਹ ਕਿੱਥੇ ਜਾਂਦੇ ਹਨ ਅਤੇ ਕਿਸ ਲਈ ਜਾਂਦੇ ਹਨ।

ਅੱਗੇ ਵੱਧ ਕੇ ਉਹਨਾਂ ਨੇ ਵੇਖਿਆ ਕਿ ਯੁਧਿਸ਼ਠਰ ਯੁੱਧ ਦੇ ਮੈਦਾਨ ਵਿਚ ਸਾਰੇ ਜ਼ਖਮੀ ਸੈਨਿਕਾਂ ਦੀ ਸੇਵਾ ਵਿਚ ਲੱਗੇ ਹੋਏ ਹਨ। ਤਦ ਉਹਨਾਂ ਨੇ ਇਸ ਚੰਗੇ ਕੰਮ ਲਈ ਭੇਸ ਬਦਲਣ ਦਾ ਕਾਰਨ ਪੁੱਛਿਆ।

ਯੁਧਿਸ਼ਠਰ ਨੇ ਕਿਹਾ - ਜੇਕਰ ਮੈਂ ਭੇਸ ਨਾ ਬਦਲ ਕੇ ਆਉਂਦਾ ਤਾਂ ਕੌਰਵ ਸੈਨਾ ਦੇ ਜ਼ਖਮੀ ਵਿਅਕਤੀ ਮੈਨੂੰ ਆਪਣਾ ਦਰਦ ਨਾ ਦੱਸਦੇ ਅਤੇ ਮੈਂ ਉਹਨਾਂ ਦੀ ਸੇਵਾ ਦੇ ਅਧਿਕਾਰ ਤੋਂ ਵਾਂਝਾ ਰਹਿ ਜਾਂਦਾ। ਇਸ ਲਈ ਮੈਨੂੰ ਭੇਸ ਬਦਲਣਾ ਪਿਆ। ਐਨਾ ਸੁਣਦੇ ਹੀ ਭੇਸ ਬਦਲੇ ਹੋਏ ਸ਼੍ਰੀ ਕਿਸ਼ਣ ਅਤੇ ਉਹਨਾਂ ਦੇ ਦੋਸਤ ਉਥੋਂ ਚੁੱਪਚਾਪ ਨਿਕਲ ਗਏ।

ਇਹ ਪੂਰਾ ਦ੍ਰਿਸ਼ ਭਗਵਾਨ ਸ਼੍ਰੀ ਕ੍ਰਿਸ਼ਣ ਨੇ ਆਪਣੇ ਮਿੱਤਰ ਨੂੰ ਵਿਖਾਂਉਂਦੇ ਹੋਏ ਕਿਹਾ - ਇਸ ਲਈ ਸੱਚੇ ਅਰਥਾਂ ਵਿਚ ਯੁਧਿਸ਼ਠਰ ਧਰਮਰਾਜ ਕਹਿਲਾਉਣ ਦੇ ਯੋਗ ਹੈ ਕਿਉਂਕਿ ਉਹਨਾਂ ਦੀ ਸੇਵਾ ਸਭ ਦੇ ਲਈ ਹੈ, ਚਾਹੇ ਕੋਈ ਉਹਨਾਂ ਦਾ ਵਿਰੋਧੀ ਹੀ ਕਿਉਂ ਨਾ ਹੋਵੇ।

ਇਸ ਲਈ ਅੱਜ ਵੀ ਯੁਧਿਸ਼ਠਰ ਨੂੰ ਧਰਮਰਾਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

# ਕਦੇ ਨਾ ਭੁੱਲੋ

* ਭਗਵਾਨ ਦਾ ਸਹਾਰਾ ਲੈਣ ਵਾਲਿਆਂ ਨੂੰ ਦੂਸਰੇ ਦੇ ਸਹਾਰੇ ਦੀ ਲੋੜ ਨਹੀਂ ਰਹਿੰਦੀ।
* ਕਿਸੇ ਦੇ ਗੁਣਾਂ ਦੀ ਪ੍ਰਸ਼ੰਸਾ ਵਿੱਚ ਆਪਣਾ ਵਿਅਰਥ ਵਕਤ ਨਾ ਗਵਾਉ। ਉਸ ਦੇ ਗੁਣਾਂ ਨੂੰ ਅਪਨਾਉਣ ਦਾ ਯਤਨ ਕਰੋ।

– ਕਾਰਲ ਮਾਰਕਸ

* ਤੁਸੀਂ ਹੱਸਦੇ ਹੋਏ ਵੇਖੋਗੇ ਕਿ ਸਾਰਾ ਸੰਸਾਰ ਤੁਹਾਡੇ ਨਾਲ ਹੱਸਦਾ ਹੈ, ਲੇਕਿਨ ਰੋਂਦੇ ਸਮੇਂ ਖੁਦ ਨੂੰ ਇੱਕਲਾ ਹੀ ਪਾਉਗੇ।
* ਪਿਆਰ ਅਤੇ ਸਤਿਕਾਰ ਦਾ ਮੂਲ ਸਰੋਤ ਬ੍ਰਹਮਗਿਆਨ ਹੈ।
* ਇੱਕਜੁਟ ਹੋਣਾ ਤਾਂ ਮਹਿਜ ਸ਼ੁਰੂਆਤ ਹੈ, ਇਕੱਠੇ ਜੁੜੇ ਰਹਿਣਾ ਪ੍ਰਕ੍ਰਿਆ ਹੈ ਲੇਕਿਨ ਇਕੱਠੇ ਕੰਮ ਕਰਨਾ ਹੀ ਸਫਲਤਾ ਹੈ।

– ਹੇਨਰੀ ਫੋਰਡ

* ਜੋ ਗੱਲ ਸਿਧਾਂਤਨ ਗਲਤ ਹੈ, ਉਹ ਵਿਵਹਾਰ ਵਿੱਚ ਵੀ ਉਚਿਤ ਨਹੀਂ ਹੈ।
* ਬਿਹਤਰ ਉਪਦੇਸ਼ ਆਪ ਆਪਣੀ ਜ਼ਬਾਨ ਦੀ ਬਜਾਏ ਆਪਣੇ ਜੀਵਨ ਨਾਲ ਦੇ ਸਕਦੇ ਹੋ।

– ਓਲੀਵਰ ਗੋਲਡਸਮਿਥ

* ਜੋ ਤੁਸੀਂ ਖੁਦ ਪਸੰਦ ਨਹੀਂ ਕਰਦੇ ਉਸ ਨੂੰ ਦੂਸਰਿਆਂ ਤੇ ਨਾ ਥੋਪੋ।

– ਕਨਫਿਊਸ਼ੀਅਸ

* ਸੰਪੰਨਤਾ ਮਨ ਨਾਲ ਹੋਣੀ ਚਾਹੀਦੀ ਹੈ, ਧਨ ਨਾਲ ਨਹੀਂ। ਵੱਡਾਪਨ ਬੁੱਧੀ ਨਾਲ ਹੁੰਦਾ ਹੈ ਉਮਰ ਨਾਲ ਨਹੀਂ।

– ਸ਼ੇਖ ਸਾਦੀ

* ਦੀਪਕ ਖੁਦ ਦੇ ਪ੍ਰਕਾਸ਼ ਲਈ ਦੂਸਰੇ ਦੀਵਿਆਂ ਦੀ ਉਮੀਦ ਨਹੀਂ ਕਰਦਾ। ਆਤਮ-ਗਿਆਨ ਲਈ ਕਿਸੇ ਮਦਦ ਦੀ ਲੋੜ ਨਹੀਂ ਹੁੰਦੀ।

– ਆਦਿ ਸ਼ੰਕਰਾਚਾਰਯ

* ਵਿਦਵਾਨ ਦੁਸ਼ਮਣ ਵੀ ਸ੍ਰੇਸ਼ਠ ਹੁੰਦਾ ਹੈ, ਮੂਰਖ ਮਿੱਤਰ ਹਿਤਕਾਰੀ ਨਹੀਂ।
* ਜੋ ਹੰਕਾਰੀ ਹੈ ਜਿਸ ਨੇ ਸਭ ਨਾਲ ਵੈਰ ਕਮਾ ਰੱਖਿਆ ਹੈ ਉਸ ਦੇ ਮਨ ਨੂੰ ਕਦੇ ਸ਼ਾਂਤੀ ਨਹੀਂ ਮਿਲਦੀ।

– ਸ਼੍ਰੀਮਦਭਾਗਵਤ ਗੀਤਾ

* ਸੱਚ ਕੇਵਲ ਈਸ਼ਵਰ ਹੀ ਹੈ। ਸੱਚ ਨਾਲ ਜਿਵੇਂ ਜੀਵਨ ਦਾ ਉਦਾਰ ਹੁੰਦਾ ਹੈ। ਇੱਕ ਮਾਤਰ ਸੱਚ ਹੀ ਅਵਿਨਾਸ਼ੀ ਬ੍ਰਹਮ ਹੈ।

– ਮਹਾਭਾਰਤ

*ਸੰਗ੍ਰਹਿ ਕਰਤਾ : ਡਿੰਪਲਜੀਤ ਰੰਧਾਵਾ*

ਪੇਸ਼ਕਸ਼ : ਚੰਦ੍ਰਪ੍ਰਭਾ

# ਇਮਿਊਨਿਟੀ ਵਧਾਉਣ ਵਿੱਚ ਮਦਦ ਕਰਦਾ ਹੈ ਵਿਟਾਮਿਨ 'ਸੀ'



ਵਿਟਾਮਿਨ 'ਸੀ' ਸਰੀਰ ਲਈ ਕਾਫੀ ਮਹੱਤਵਪੂਰਣ ਹੈ। ਇਸ ਨੂੰ 'ਏਸਕਾਰਬਿਕ ਏਸਿਡ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹ ਸਾਡੀ ਇਮਿਊਨਿਟੀ ਨੂੰ ਵਧਾਉਂਦਾ ਹੈ। ਇਸ ਦੇ ਨਿਯਮਿਤ ਸੇਵਨ ਨਾਲ ਸਰਦੀ, ਖਾਂਸੀ ਅਤੇ ਕਈ ਤਰ੍ਹਾਂ ਦੇ ਇਨਫੈਕਸ਼ਨ ਹੋਣ ਦਾ ਖਤਰਾ ਘੱਟ ਹੋ ਜਾਂਦਾ ਹੈ। ਐਨਾ ਹੀ ਨਹੀਂ ਇਹ ਅਨੇਕਾਂ ਪ੍ਰਕਾਰ ਦੇ ਕੈਂਸਰ ਤੋਂ ਵੀ ਬਚਾਉ ਕਰਦਾ ਹੈ ਅਤੇ ਸਿਹਤਮੰਦ ਰੱਖਦਾ ਹੈ। ਸਾਡੇ ਸਰੀਰ ਦੀ ਕਾਰਜਪ੍ਰਣਾਲੀ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਵਿਟਾਮਿਨ 'ਸੀ' ਬਹੁਤ ਜ਼ਰੂਰੀ ਪੋਸ਼ਕ ਤੱਤਾਂ ਵਿੱਚੋਂ ਇੱਕ ਹੈ। ਸਰੀਰ ਦੇ ਸਾਰੇ ਪ੍ਰਮੁੱਖ ਅੰਗਾਂ ਜਿਵੇਂ ਬ੍ਰੇਨ, ਫੇਫੜੇ, ਅਤੇ ਗੁਰਦੇ ਆਦਿ ਨੂੰ ਸਹੀ ਢੰਗ ਨਾਲ ਕੰਮ ਕਰਨ ਲਈ ਵਿਟਾਮਿਨ 'ਸੀ' ਦੀ ਲੋੜ ਹੁੰਦੀ ਹੈ। ਇਹ ਸਰੀਰ ਵਿੱਚ ਵਿਟਾਮਿਨ 'ਈ' ਦੀ ਸਪਲਾਈ ਨੂੰ ਪੁਨਰਜੀਵਿਤ ਕਰਦਾ ਹੈ ਅਤੇ ਆਇਰਨ ਜਜ਼ਬ ਕਰਨ ਦੀ ਸਮਰੱਥਾ ਨੂੰ ਵੀ ਵਧਾਉਂਦਾ ਹੈ। ਇਹ ਇੱਕ ਏਂਟੀ-ਏਲਰਜਿਕ ਅਤੇ ਏਂਟੀ-ਆਕਸੀਡੇਂਟ ਦੇ ਰੂਪ ਵਿੱਚ ਵੀ ਕੰਮ ਕਰਦਾ ਹੈ ਅਤੇ ਦੰਦ, ਮਸੂੜਿਆਂ ਅਤੇ ਅੱਖਾਂ ਨੂੰ ਵੀ ਸਿਹਤਮੰਦ ਰੱਖਣ ਵਿੱਚ ਮਦਦ ਕਰਦਾ ਹੈ।

***ਘਾਟ ਦੇ ਲੱਛਣ :*** ਅਕਸਰ ਸਰਦੀ-ਜ਼ੁਕਾਮ ਹੋਣਾ, ਜੋੜਾਂ ਅਤੇ ਮਾਸਪੇਸ਼ੀਆਂ ਵਿੱਚ ਦਰਦ, ਥਕਾਨ, ਕਮਜੋਰੀ ਅਤੇ ਬੁਖਾਰ, ਇਮਿਊਨਿਟੀ ਦਾ ਕਮਜ਼ੋਰ ਪੈਣਾ, ਥਕਾਵਟ, ਅਚਾਨਕ ਮਸੂੜਿਆਂ ਵਿਚੋਂ ਖ਼ੂਨ ਆਉਣਾ, ਮਸੂੜਿਆਂ ਵਿੱਚ ਸੋਜ, ਅਚਾਨਕ ਵਜਨ ਘਟਨਾ, ਵਾਰ-ਵਾਰ ਇੰਨਫੈਕਸ਼ਨ ਹੋਣਾ, ਸਾਹ ਲੈਣ ਵਿੱਚ ਤਕਲੀਫ, ਪਾਚਨ ਸਮੱਸਿਆਵਾਂ, ਡ੍ਰਾਈ ਵਾਲ ਹੋਣਾ, ਜ਼ਖਮ ਦਾ ਦੇਰੀ ਨਾਲ ਭਰਨਾ ਆਦਿ ਸਮੱਸਿਆਵਾਂ ਵਿਟਾਮਿਨ 'ਸੀ' ਦੀ ਘਾਟ ਦੇ ਲੱਛਣ ਮੰਨੇ ਜਾਂਦੇ ਹਨ।

***ਇਹਨਾਂ ਤੋਂ ਮਿਲਦਾ ਹੈ ਵਿਟਾਮਿਨ 'ਸੀ' :*** ਵਿਟਾਮਿਨ 'ਸੀ' ਨੂੰ ਆਪਣੇ ਖਾਣ-ਪੀਣ ਵਿੱਚ ਸ਼ਾਮਿਲ ਕਰਨ ਲਈ ਆਪ ਖੱਟੇ ਰਸਦਾਰ ਫਲਾਂ ਦਾ ਸੇਵਨ ਕਰ ਸਕਦੇ ਹੋ। ਟਮਾਟਰ, ਨਾਰੰਗੀ, ਨਿੰਬੂ, ਸੰਤਰਾ, ਅੰਗੂਰ, ਅਮਰੂਦ, ਸੇਬ, ਜਾਮੁਨ, ਕੀਵੀ, ਬ੍ਰੋਕਲੀ ਆਦਿ ਵਿੱਚ ਵਿਟਾਮਿਨ 'ਸੀ' ਪ੍ਰਚੁਰ ਮਾਤਰਾ ਵਿੱਚ ਮਿਲਦਾ ਹੈ। ਲੀਚੀ, ਸਪਰਾਊਟਸ, ਲਾਲ, ਪੀਲੀ ਅਤੇ ਹਰੀ ਸ਼ਿਮਲਾ ਮਿਰਚ, ਗੋਭੀ, ਪਾਲਕ, ਸਟ੍ਰਾਬੇਰਜੀ, ਪਪੀਤੇ ਵਿੱਚ ਵੀ ਵਿਟਾਮਿਨ 'ਸੀ' ਮਿਲਦਾ ਹੈ।

***ਇਹ ਵੀ ਧਿਆਨ ਰਹੇ :*** ਖਾਣ ਵਾਲੇ ਪਦਾਰਥਾਂ ਨੂੰ ਕੱਟ ਕੇ ਜ਼ਿਆਦਾ ਸਮਾਂ ਰੱਖਣ ਅਤੇ ਗਰਮ ਕਰਨ ਨਾਲ ਉਹਨਾਂ ਵਿੱਚ ਮੌਜੂਦ ਵਿਟਾਮਿਨ 'ਸੀ' ਵਿੱਚ ਕੁੱਝ ਬਦਲਾਵ ਹੋ ਸਕਦਾ ਹੈ। ਇਸ ਲਈ ਫਲਾਂ ਅਤੇ ਸਬਜ਼ੀਆਂ ਨੂੰ ਕੱਚਾ ਜਾਂ ਹਲਕਾ ਪਕਾ ਕੇ ਖਾਣਾ ਚਾਹੀਦਾ ਹੈ ਅਤੇ ਖਾਣ ਦੇ ਬਹੁਤ ਸਮਾਂ ਪਹਿਲਾਂ ਤੋਂ ਕੱਟ ਕੇ ਨਹੀਂ ਰੱਖਣਾ ਚਾਹੀਦਾ।





# ਚਿੱਤਰਕਥਾ


## (ਤੇਨਾਲੀਰਾਮ ਦੀ ਸੂਝਬੂਝ)

**ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ**





ਰਾਜਾ ਨੇ ਘਣਸ਼ਾਮ ਤੋਂ ਪੁੱਛਿਆ ਤਾਂ ਉਹ ਸਾਫ ਮੁਕਰ ਗਿਆ।
ਰਾਜਾ ਸੋਚ ਵਿੱਚ ਪੈ ਗਿਆ ਕਿ ਆਖਿਰ ਦੋਵਾਂ ਵਿਚੋਂ ਸੱਚਾ ਕੌਣ ਹੈ ਅਤੇ ਝੂਠਾ ਕੌਣ ਹੈ? ਅਖੀਰ ਉਹਨਾਂ ਨੇ ਤੇਨਾਲੀਰਾਮ ਨੂੰ ਸੱਚ-ਝੂਠ ਦਾ ਨਿਰਣਾ ਕਰਨ ਲਈ ਕਿਹਾ।
ਤੇਨਾਲੀਰਾਮ ਭੋਲਾ ਨੂੰ ਬੋਲਿਆ– ਹਾਂ, ਤਾਂ ਭਾਈ ਭੋਲਾ, ਜਦ ਤੂੰ ਮੋਹਰਾਂ ਘਣਸ਼ਾਮ ਨੂੰ ਦਿੱਤੀਆਂ ਤਾਂ ਉਥੇ ਕੋਈ ਤੀਸਰਾ ਵੀ ਸੀ?



ਜੀ ਹਾਂ, ਇੱਕ ਖੂਹ ਸੀ। ਸਿੱਧੇ-ਸਾਦੇ ਭੋਲਾ ਨੇ ਕਿਹਾ ਤਾਂ ਸਾਰੇ ਦਰਬਾਰੀ ਹੱਸਣ ਲੱਗੇ।
ਭਲਾ ਖੂਹ ਵੀ ਕਦੇ ਗਵਾਹੀ ਦੇ ਸਕਦਾ ਹੈ ਕੀ?
ਤੇਨਾਲੀਰਾਮ ਬੋਲਿਆ- ਇੰਝ ਕਰੋ, ਭੋਲਾ ਤੂੰ ਜਾ ਕੇ ਉਸ ਖੂਹ ਤੋਂ ਇੱਕ ਘੜਾ ਪਾਣੀ ਭਰ ਲਿਆਉ, ਹੁਣੇ ਸੱਚ-ਝੂਠ ਦਾ ਫੈਸਲਾ ਹੋ ਜਾਏਗਾ।
ਭੋਲੇ ਨੇ ਸਿਰ ਝੁਕਾਇਆ ਅਤੇ ਚਲਾ ਗਿਆ।
ਰਾਜਾ ਅਤੇ ਸਾਰੇ ਦਰਬਾਰੀ ਹੈਰਾਨ ਸਨ ਕਿ ਤੇਨਾਲੀਰਾਮ ਆਖਿਰ ਕੀ ਕਰਨਾ ਚਾਹੁੰਦਾ ਹੈ? ਘਣਸ਼ਾਮ ਵੀ ਇਸੇ ਸੋਚ ਵਿੱਚ ਸੀ।


ਤੇਨਾਲੀਰਾਮ ਨੇ ਘਣਸ਼ਾਮ ਤੋਂ ਪੁੱਛਿਆ– ਕਿਉਂ ਘਣਸ਼ਾਮ! ਤੇਰਾ ਮਿੱਤਰ ਭੋਲਾ ਹੁਣ ਤਕ ਵਾਪਸ ਨਹੀਂ ਆਇਆ, ਕੀ ਕਾਰਣ ਹੋ ਸਕਦਾ ਹੈ?
ਜੀ ਹਾਂ, ਖੂਹ ਇਥੋਂ ਬਹੁਤ ਦੂਰ ਹੈ, ਇਸ ਲਈ ਦੇਰ ਲੱਗ ਰਹੀ ਹੋਵੇਗੀ। ਘਣਸ਼ਾਮ ਦੇ ਮੂੰਹ ਤੋਂ ਅਚਾਨਕ ਨਿਕਲਿਆ।
ਤੇਨਾਲੀਰਾਮ ਬੋਲਿਆ– ਮਹਾਰਾਜ ਫੈਸਲਾ ਹੋ ਗਿਆ। ਭੋਲਾ ਨੇ ਸਚਮੁਚ ਘਣਸ਼ਾਮ ਨੂੰ ਮੋਹਰਾਂ ਦਿੱਤੀਆਂ ਸਨ, ਭਲਾ ਇਸ ਨੂੰ ਕਿਵੇਂ ਪਤਾ ਕਿ ਖੂਹ ਇਥੋਂ ਬਹੁਤ ਦੂਰ ਹੈ? ਸਾਰਾ ਦਰਬਾਰ ਤੇਨਾਲੀਰਾਮ ਦੀ ਸੂਝਬੂਝ ਦੇ ਜੈਕਾਰੇ ਨਾਲ ਗੂੰਜ ਉਠਿਆ।
ਘਣਸ਼ਾਮ ਨੇ ਸ਼ਰਮ ਨਾਲ ਸਿਰ ਝੁਕਾ ਲਿਆ।
ਹੁਣ ਤਕ ਭੋਲਾ ਵੀ ਵਾਪਸ ਆ ਗਿਆ ਸੀ। ਘਣਸ਼ਾਮ ਨੇ ਉਸ ਤੋਂ ਮਾਫ਼ੀ ਮੰਗੀ ਅਤੇ ਮਹਾਰਾਜ ਨਾਲ ਵਾਅਦਾ ਕੀਤਾ ਕਿ ਉਹ ਅੱਜ ਹੀ ਆਪਣੇ ਮਿੱਤਰ ਦੀਆਂ ਮੋਹਰਾਂ ਉਸ ਨੂੰ ਵਾਪਸ ਕਰ ਦਏਗਾ ਅਤੇ ਭਵਿੱਖ ਵਿੱਚ ਫਿਰ ਕਿਸੇ ਦੇ ਨਾਲ ਅਜਿਹਾ ਨਹੀਂ ਕਰੇਗਾ।

# ਬੁੱਧੀ ਦੀ ਪਰਖ

***ਦੋਹਾਂ ਚਿਤੱਰਾਂ ਵਿਚੋਂ 10 ਅੰਤਰ ਲੱਭੋ !***







Kids Divine
kids.nirankari.org
Catch the latest episode
on 23rd of every month
Nirankari Radio
radio.nirankari.org
24x7
NEWS
www.nirankari.o
Catch the latest epis
on 10th of every mo
सुनो तराने
नए पुराने
Nirankari Radio
Bhakti Sangeet
radio.nirankari.org
Catch the latest episode
on 20th of every month
SV
SOUL VIBES
radio.nirankari.org
Catch the latest episode
on Last Friday of every mont
Voice DIVINE
radio.nirankari.org
Catch the latest episode
on 1st & 16th of every month
Video & Audio Webcasts on www.nirankari.org - Every month
SANT NIRANKARI MIS

Registered with the Registrar of Newspaper For India Under RNI No. 32345/1977 : Delhi Postal Regd. No. DL (N)/137/2021-2023
Licence No. U (DN)-60/2021-23
Licenced to post without Pre-payment

# ਸੰਤ ਨਿਰੰਕਾਰੀ ਮੰਡਲ ਰਾਹੀਂ ਪ੍ਰਕਾਸ਼ਿਤ ਹੋਣ ਵਾਲੀਆਂ

# ਪੱਤਰ-ਪੱਤ੍ਰਕਾਵਾਂ

**ਸੰਤ ਨਿਰੰਕਾਰੀ**

- ਗਿਆਰ੍ਹਾਂ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਣ ਵਾਲੀ 'ਸੰਤ ਨਿਰੰਕਾਰੀ' ਅਧਿਆਤਮਿਕ ਮਾਸਿਕ ਪਤ੍ਰਕਾ ਹੈ ਜਿਸ ਵਿਚ ਸਤਿਗੁਰੂ ਪ੍ਰਵਚਨ ਅਤੇ ਅਨੁਭਵੀ ਲੇਖਕਾਂ ਦੀਆਂ ਦਲੀਲ ਭਰਪੂਰ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ।

**'ਏਕ ਨਜ਼ਰ'**

- ਤਿੰਨ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਪੰਦਰਵਾੜਾ ਅਖ਼ਬਾਰ 'ਏਕ ਨਜ਼ਰ' ਵਿਚ ਸਤਿਗੁਰੂ ਮਾਤਾ ਜੀ ਦੇ ਦੈਵੀ ਵਚਨ ਅਤੇ ਮਿਸ਼ਨ ਵੱਲੋਂ ਹੋਰਹੀਆਂ ਗਤੀਵਿਧੀਆਂ ਦੇ ਸਮਾਚਾਰ ਪ੍ਰਕਾਸ਼ਿਤ ਹੁੰਦੇ ਹਨ।

**'ਹੰਸਤੀ ਦੁਨੀਆ'**

- ਚਾਰ ਭਾਸ਼ਾਵਾਂ ਵਿਚ ਛੱਪਣ ਵਾਲੀ ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਬਾਲ ਮਾਸਿਕ 'ਹੰਸਤੀ ਦੁਨੀਆ' ਵਿਚ ਰੋਚਕ ਕਹਾਣੀਆਂ, ਗਿਆਨ-ਵਰਧਕ ਵਿਗਿਆਨਕ ਲੇਖ, ਕਵਿਤਾਵਾਂ ਅਤੇ ਚਿੱਤਕਾਥਾਵਾਂ ਸ਼ਾਮਿਲ ਹੁੰਦੀਆਂ ਹਨ।

**ਇਨ੍ਹਾਂ ਪੱਤਰ-ਪੱਤਰਕਾਵਾਂ ਦੀ ਮੈਂਬਰਸ਼ਿਪ ਲਈ ਸੰਪਰਕ ਕਰੋ:-**
Tel. : 011-47660200 (Extn. : 862) | Email : Patrika@nirankari.org

## ਪਾਠਕਾਂ ਦੇ ਲਈ ਸੂਚਨਾ




- ਕੀ ਆਪਨੂੰ ਹੰਸਤੀ ਦੁਨੀਆ (ਪੰਜਾਬੀ) ਮਾਸਿਕ, ਪਤ੍ਰਕਾ ਲਗਾਤਾਰ ਮਿਲ ਰਹੀ ਹੈ?
- ਪਤ੍ਰਕਾ ਵਿਭਾਗ ਰਾਹੀਂ ਹਰ ਮਹੀਨੇ 23 ਤਾਰੀਕ ਨੂੰ ਣਜਤਬ੍ਵਫੀ (ਡਿਸਪੈਚ) ਕਰ ਦਿੱਤੀ ਜਾਂਦੀ ਹੈ। ਜੇ ਇਕ ਹਫ਼ਤੇ ਤਕ ਵੀ ਆਪਨੂੰ ਇਹ ਨਾ ਮਿਲੇ ਤਾਂ

1. ਅਪਣੇ ਨਜ਼ਦੀਕੀ ਡਾਕਖ਼ਾਨੇ ਨਾਲ ਸੰਪਰਕ ਕਰੋ।
2. ਪਤ੍ਰਕਾ ਵਿਭਾਗ ਨੂੰ ਫੋਨ ਨੰਬਰ 011-47660200 (Extn. : 862) OR Help Line No. 011-47660360 ਤੇ ਸੂਚਿਤ ਕਰੋ, ਤਾਂਕਿ ਆਪਨੂੰ ਉਸਦੀ ਦੂਜੀ ਕਾਪੀ ਭਿਜਵਾਈ ਜਾ ਸਕੇ

ਪਤ੍ਰਕਾ ਵਿਭਾਗ, ਸੰਤ ਨਿਰੰਕਾਰੀ ਮੰਡਲ,
ਨਿਰੰਕਾਰੀ ਕੰਪੈਲਕਸ, ਬੁਰਾੜੀ ਰੋਡ, ਦਿੱਲੀ-110009

Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)